ੴ

ਧੰਨੁ ਧੰਨੁ ਧੰਨੁ ਜਨੁ ਆਇਆ ।। ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ।।

# ਗੁਰਾਈ ਘਨੱਈਆ ਸੇਵਾ ਜੋਤੀ

ਅਪ੍ਰੈਲ
ਸੰਨ 2001

Visit us : www.sewajyoti.org

## ਸੇਵਾ ਪੰਥੀ ਸੰਪ੍ਰਦਾਇ ਦੀ ਮਹਾਨ ਸੇਵਾ ਜੋਤੀ



ਸ਼੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ
ਸੰਸਥਾਪਕ ਟਿਕਾਣਾ ਭਾਈ ਜਗਤਾ ਜੀ, ਗੋਨਿਆਣਾ ਮੰਡੀ ।

ਜਸਟਿਸ ਗੋਪਾਲ ਸਿੰਘ ਚੈਰੀਟੇਬਲ ਟ੍ਰਸਟ ਏ-10 ਨੀਤੀ ਬਾਗ, ਨਵੀ ਦਿੱਲੀ ਵਿੱਖੇ ਡਾ: ਏ.ਐਸ ਆਨੰਦ ਚੀਫ਼ ਜਸਟਿਸ ਆਫ ਇੰਡੀਆ ਵੱਲੋਂ 25 ਫਰਵਰੀ 2001 ਨੂੰ ਕੀਤੇ ਗਏ ਕਾਨਫਰੰਸ ਹਾਲ ਅਤੇ ਲਾਇਬਰੇਰੀ ਦੇ ਉਦਘਾਟਨ ਦੇ ਕੁਝ ਦ੍ਰਿਸ਼ ।




ਟ੍ਰਸਟ ਦੇ ਚੇਅਰਮੈਨ ਸੰਤ ਬਾਬਾ ਤੀਰਥ ਸਿੰਘ ਜੀ ਤੇ ਹੋਰ ਟ੍ਰਸਟੀ ਚੀਫ਼ ਜਸਟਿਸ ਆਫ਼ ਇੰਡੀਆ ਨੂੰ 'ਜੀ ਆਇਆਂ' ਕਹਿੰਦੇ ਹੋਏ ।






ਟ੍ਰਸਟ ਦੇ ਚੇਅਰਮੈਨ ਸੰਤ ਬਾਬਾ ਤੀਰਥ ਸਿੰਘ ਜੀ ਉਦਘਾਟਨ ਕਰਨ ਦੀ ਅਗਵਾਈ ਕਰਦੇ ਹੋਏ, ਉਦਘਾਟਨ ਉਪਰੰਤ ਬਾਬਾ ਜੀ ਚੀਫ਼ ਜਸਟਿਸ ਸਾਹਿਬ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਬਖ਼ਸ਼ਿਸ਼ ਕਰਦੇ ਹੋਏ ।

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 18ਵਾਂ ਅੰਕ ਨੰ : 4 ਅਪ੍ਰੈਲ 2001 ਕੀਮਤ :ਅਮੁੱਲ

ਮੁੱਖ ਸਰਪ੍ਰਸਤ : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ ਮੋਬਾਇਲ : 98140-32957

ਸਰਪ੍ਰਸਤ : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ 263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004, ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 262276 ਮੋਬਾ: 98140-35191, ਸ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

ਮੁੱਖ ਸਲਾਹਕਾਰ : ਸ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿਆਣੀ ਮੋਬਾਇਲ : 98140-86207, ਸਰਦਾਰਨੀ ਭੁਪਿੰਦਰ ਕੌਰ ਪਤਨੀ ਸ: ਜੀ·ਐਸ·ਬਜਾਜ ਦਿੱਲੀ, ਸ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

ਸੰਪਾਦਕੀ ਬੋਰਡ

ਮੁੱਖ ਸੰਪਾਦਕ : ਚਮਨ ਸਿੰਘ "ਚਮਨ" ਮੋਬਾ : 98140-75504

Internet Edition Editor : ਭੁਪਿੰਦਰ ਸਿੰਘ ਸੇਵਾ-ਪੰਥੀ Ph. 262657

ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 262051

## ਤਤਕਰਾ


| ਲੜੀ ਨੰ : | ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|---|
| 1. | ਵੈਸਾਖਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਓਹਾਰ | ਸਹਾਇਕ ਸੰਪਾਦਕ | 2 |
| 2. | ਸੰਪਾਦਕੀ | ਚਮਨ ਸਿੰਘ 'ਚਮਨ' | 3 |
| 3. | ਸੱਦਾ-ਪੱਤਰ ੫੧ਵੀਂ ਸਾਲਾਨਾ ਬਰਸੀ | ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' | 5 |
| 4. | ਸੱਦਾ-ਪੱਤਰ ੫੨ਵੀਂ ਸਾਲਾਨਾ ਬਰਸੀ | ਸੰਤ ਪ੍ਰੀਤਮ ਸਿੰਘ | 7 |
| 5. | ਪ੍ਰੋਗਰਾਮ ਪ੍ਰਚਾਰ ਯਾਤਰਾ ਮਹੰਤ ਜੀ | ਮੈਨੇਜਰ ਇੰਦਰਜੀਤ ਸਿੰਘ | 8 |
| 6. | ਸੋ ਦਰੁ ਰਹਿਰਾਸ ਸਾਹਿਬ (ਕਿਸਤ ਨੰ: ੨੦) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| 7. | ਕਥਾ ਸੁਖਮਨੀ ਸਾਹਿਬ (ਕਿਸਤ ਨੰ: ੪੫) | ਤੀਰਥ ਸਿੰਘ 'ਸੇਵਾ ਪੰਥੀ' | 11 |
| 8. | ਸੰਖੇਪ ਜੀਵਨੀ ਗੁਰੂ ਅੰਗਦ ਦੇਵ ਜੀ | ਗੁਰਮੀਤ ਕੌਰ 'ਮੀਤ' | 13 |
| 8. | ਸੇਵਾ ਤੇ ਨਿਮਰਤਾ ਦੇ ਪੁੰਜ ਗੁਰੂ ਅੰਗਦ ਦੇਵ ਜੀ | ਡਾ. ਮਨਜੀਤ ਸਿੰਘ | 14 |
| 9. | ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸਾਜਨਾ ਸੰਕਲਪ | ਡਾ. ਮਦਨ ਲਾਲ ਹਸੀਜਾ | 22 |
| 10. | ਮਹੰਤ ਭਾਈ ਗੁਲਾਬ ਸਿੰਘ ਜੀ | ਪ੍ਰਿੰ: ਭਗਤ ਸਿੰਘ 'ਹੀਰਾ' | 25 |
| 11. | ਬਾਬਾਣੀਆਂ ਕਹਾਣੀਆਂ | ਜੋਗਿਨ੍ਦਰ ਸਿੰਹ 'ਸਾਗਰ' | 30 |
| 12. | ਵਿਸਾਖੀ ਦੀ ਮਹਾਨਤਾ ਤੇ ਯੋਗਦਾਨ | ਪ੍ਰੋ: ਜੋਗਿੰਦਰ ਸਿੰਘ 'ਦਿੱਲੀ' | 33 |
| 15. | ਵਰ - ਘਰ | ਭੁਪਿੰਦਰ ਸਿੰਘ 'ਸੇਵਾ ਪੰਥੀ' | 39 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਵੈਸਾਖਿ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ।
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

| | | | | |
|---|---|---|---|---|
| ਸੰਮਤ ਬਿਕ੍ਰਮੀ | 2058 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੂਰਨਮਾਸ਼ੀ | 8 ਅਪ੍ਰੈਲ |
| ਸੰਮਤ ਨਾਨਕਸ਼ਾਹੀ | 532 | | ਸੰਗਰਾਂਦ | 13 ਅਪ੍ਰੈਲ |
| ਸੰਮਤ ਖਾਲਸਾ | 302-303 | ਅਪ੍ਰੈਲ | ਮੱਸਿਆ | 23 ਅਪ੍ਰੈਲ |
| ਸੰਮਤ ਸਾਕਾ | 1923 | 2001 | ਪੰਚਮੀ | 28 ਅਪ੍ਰੈਲ |

| | | |
|---|---|---|
| *ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 6 ਅਪ੍ਰੈਲ | ਸ਼ੁੱਕਰਵਾਰ |
| *ਗੁਰਿਆਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 6 ਅਪ੍ਰੈਲ | ਸ਼ੁੱਕਰਵਾਰ |
| * ਅਵਤਾਰ ਸ੍ਰੀ ਗੁਰੂ ਤੇਗ ਬਹਾਦਰ ਜੀ | 12 ਅਪ੍ਰੈਲ | ਵੀਰਵਾਰ |
| *ਅਵਤਾਰ ਸ੍ਰੀ ਗੁਰੂ ਅਰਜਨ ਦੇਵ | 14 ਅਪ੍ਰੈਲ | ਸ਼ਨੀਵਾਰ |
| *ਅਵਤਾਰ ਸ੍ਰੀ ਗੁਰੂ ਅੰਗਦ ਦੇਵ ਜੀ | 24 ਅਪ੍ਰੈਲ | ਮੰਗਲਵਾਰ |
| *ਸ੍ਰੀ ਰਾਮ ਨੌਮੀ | 2 ਅਪ੍ਰੈਲ | ਸੋਮਵਾਰ |
| *ਬੈਂਕ ਹਾਲੀ ਡੇ | 2 ਅਪ੍ਰੈਲ | ਸੋਮਵਾਰ |
| *ਸ੍ਰੀ ਮਹਾਂਵੀਰ ਜਯੰਤੀ (ਜੈਨ) | 6 ਅਪ੍ਰੈਲ | ਸ਼ੁੱਕਰਵਾਰ |
| *ਮੇਲਾ ਵੈਸਾਖੀ | 13 ਅਪ੍ਰੈਲ | ਸ਼ੁੱਕਰਵਾਰ |
| *ਗੁਡ ਫਰਾਈ ਡੇ | 13 ਅਪ੍ਰੈਲ | ਸ਼ੁੱਕਰਵਾਰ |
| *ਮੇਲਾ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) | 13 ਅਪ੍ਰੈਲ | ਸ਼ੁੱਕਰਵਾਰ |
| *ਯੱਗ-ਸਮਾਗਮ ਮਹੰਤ ਗੁਲਾਬ ਸਿੰਘ ਜੀ (ਗੁਨਿ: ਮੰਡੀ) | 18-20ਅਪ੍ਰੈਲ | ਬੁੱਧਵਾਰ ਤੋਂ ਸ਼ੁੱਕਰਵਾਰ |

ਸੰਪਾਦਕੀ

# ਖ਼ਾਲਸੇ ਦਾ ਭਾਵ-ਅਰਥ

ਜਾਪਦਾ ਇਉਂ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਇਹ ਕਿਹਾ ਇੱਕ ਇੱਕ ਖਾਲਸਾ 'ਸਵਾ ਲੱਖ' ਤੇ ਭਾਰੂ ਹੈ ਤਾਂ ਉਨ੍ਹਾਂ ਨੇ ਆਪਣੇ ਵੱਲੋਂ ਜੋ ਘੱਟ ਤੋਂ ਘੱਟ ਨਿਸਬਤ ਖ਼ਾਲਸਾ ਪੁਰਸ਼ਾਂ ਅਤੇ ਕਪਟੀਆਂ ਵਿੱਚ ਦੱਸੀ ਉਹ ਨਿਸਬਤ ੧:੧,੨੫੦੦੦ ਦੀ ਹੈ।

ਗੁਰੂ ਸਾਹਿਬ ਨੇ ਅਸੂਲ ਇਹ ਦ੍ਰਿੜ੍ਹ ਕਰਾਇਆ ਕਿ ਅੰਮ੍ਰਿਤ ਨੇ ਮਨੁੱਖ ਨੂੰ ਖ਼ਾਲਸਾ ਬਨਾਉਣਾ ਅਤੇ ਖਾਲਸਾ ਕਿਸੇ ਆਤਮਕ ਪੱਧਰ ਦਾ ਨਾਮ ਹੈ। ਖ਼ਾਲਸਾ ਕਿਸੇ ਧਾਰਮਿਕ, ਮਾਨਸਿਕ, ਸਦਾਚਾਰਕ ਬਿਰਤੀ ਦਾ ਨਾਮ ਹੈ। ਖ਼ਾਲਸਾ ਕੁਝ ਆਦਰਸ਼ਾਂ ਦਾ ਨਾਮ ਜਿਸ ਦੇ ਮੁਖ ਰੂਪ 'ਗੁਰੂ ਗ੍ਰੰਥ ਜੀ ਮਾਨਿਓ ' ਸੰਤ ਸਿਪਾਹੀ , (ਰਾਜਜੋਗ, ਪੀਰੀ ਮੀਰੀ) 'ਵਾਹਿਗੁਰੂ ਜੀ ਕੀ ਫ਼ਤਹ' ਅਤੇ 'ਬੋਲੋ ਸੋ ਨਿਹਾਲ' ਹਨ।

ਅਸੂਲ ਇਹ ਹੈ ਕਿ ਸਿਰ ਨਹੀਂ ਗਿਣਨੇ ਆਦਰਸ਼ ਮਿਣਨੇ ਹਨ, ਭਾਰ ਨਹੀ ਤੋਲਣਾ, ਵਿਹਾਰ ਪਰਖਣਾ ਹੈ, ਪਸੂ-ਸ਼ਕਤੀ ਨਹੀਂ ਆਪਣੀ ਆਤਮਕ ਬਿਰਤੀ ਵੇਖਣੀ ਹੈ। ਚੰਚਲ ਬੋਧਕਤਾ ਨਹੀਂ ਜਾਨਣੀ , ਮਾਨਸਿਕ ਸਥਿਰਤਾ ਵੇਖਣੀ ਹੈ, 'ਹੁਕਮ ਹਾਸਲ' ਦੀ ਕਦਰ ਨਹੀਂ ਹੈ, ਸੇਵਾ ਦੀ ਮਹਾਨਤਾ ਹੈ। ਸਿਧਾਂਤ ਇਹ ਹੈ ਕਿ ਪ੍ਰਭੂ ਬਿਰਤੀ ਵਾਲਾ ਇੱਕ ਮਨੁੱਖ ਵੀ ਕ੍ਰੋੜਾਂ ਵਿਸ਼ਈਆਂ ਅਤੇ ਕੁਕਰਮੀਆਂ ਤੋਂ ਬਹੁਤ ਵੱਧ ਬਲਵਾਨ ਹੈ।

੧੬੯੯ ਦੀ ਵਿਸਾਖੀ ਦੇ ਸ਼ੁੱਭ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਆਦਰਸ਼ਕ ਖ਼ਾਲਸਾ ਪੁਰਖ ਸੰਸਾਰ ਨੂੰ ਪ੍ਰਦਾਨ ਕੀਤਾ ਜਿਸ ਦੀ ਸ਼ਕਤੀ ਜ਼ਾਲਮਾਂ ਦੇ ਵਿਰੁੱਧ 'ਸਵਾ ਲੱਖ' ਗੁਣਾ ਵੱਧ ਸੀ। ਇਹ ਮਨੁੱਖ ਵੇਖਣ ਵਿਚ ਸਾਧਾਰਨ ਮਨੁੱਖ ਹੀ ਸੀ ਪਰ ਇਸ ਦੇ ਆਦਰਸ਼ ਨਿਆਰੇ ਸਨ। ਇਹ ਮਨੁੱਖ ਖ਼ਾਲਸਾ ਸੀ ਇਸਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਸੀ ਜੋ ਸੰਸਾਰ ਵਿਚ ਧਾਰਮਕ ਤੇ ਆਤਮਕ ਸਹਵਾਸ ਦਾ ਇਕ ਮਹਾਨ ਤਜ਼ਰਬਾ ਸੀ। ਗੁਰੂ ਨਾਨਕ ਸਾਹਿਬ ਦਾ ਜਨਮ ੧੪੬੯ ਈ: ਵਿੱਚ ਹੋਇਆ। ਖ਼ਾਲਸੇ ਦਾ ਜਨਮ ੧੬੯੯ ਈ: ਵਿੱਚ ਹੋਇਆ। ਪਰ ਖਾਲਸਾ ਉਨਾਂ ਲੋਕਾਂ ਦੀ ਬਾਣੀ ਦਾ ਪੁਜਾਰੀ ਹੈ ਜਿਨ੍ਹਾਂ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਵੀ ਕਈ ਸਦੀਆਂ ਪਹਿਲਾਂ ਹੋ ਚੁੱਕਾ ਸੀ। ਜੈ ਦੇਵ ਜੀ ਦਾ ਜਨਮ ੧੦੭੦ ਈ: ਵਿੱਚ ਹੋਇਆ ਸੀ ਅਤੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਫਰੀਦ ਜੀ ਦਾ ਜਨਮ ੧੧੭੨ ਈ: ਵਿਚ ਹੋਇਆ ਸੀ ਅਤੇ ਉਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਤ੍ਰਿਲੋਚਨ, ਰਾਮਾਨੰਦ, ਕਬੀਰ, ਸਭ ਗੁਰੂ ਨਾਨਕ ਸਾਹਿਬ ਦੇ ਪੂਰਬ ਵਰਤਰੀ ਸਨ। ਪਰ ਗੁਰੂ ਗ੍ਰੰਥ ਸਾਹਿਬ ਸੰਸਾਰ ਇਤਿਹਾਸ ਵਿਚ ਇਕ ਮਹਾਨ ਤਜ਼ਰਬਾ ਇਸ ਲਈ ਹੈ ਕਿ ਇਸ ਵਿੱਚ ਹੋਰ ਧਰਮਾਂ ਦੇ ਲੋਕਾਂ ਦੀ ਬਾਣੀ ਸ਼ਾਮਿਲ ਹੈ। ਹਿੰਦੂ, ਮੁਸਲਮਾਨ, ਊਚ -ਨੀਚ, ਪੂਰਬ ਵਰਤੀ ਤੇ ਸਮਕਾਲੀ, ਅਨੇਕ ਪ੍ਰਕਾਰ ਦੀ ਉਪਾਸਨਾ ਵਾਲੇ ਤੇ ਅਨੇਕ ਬੋਲੀਆਂ ਵਿੱਚ ਲਿਖਣ ਵਾਲੇ ਪੁਰਸ਼ਾਂ ਦੀ ਬਾਣੀ ਸ਼ਾਮਿਲ ਹੈ। ਭਾਵ ' ਸਿੱਖ ਧਰਮ' ਅਤੇ 'ਖਾਲਸਾ' ਸੰਸਾਰ ਦੇ ਸਾਰੇ ਧਰਮਾਂ, ਮਹਪੁਰਸ਼ਾਂ ਤੇ ਧਰਮ ਪੁਸਤਕਾਂ ਦੇ ਉਚੱਤਮ ਸਰੂਪ ਦਾ ਉਤਨਾ ਹੀ ਸਤਿਕਾਰ ਕਰਦਾ ਹੈ ਜਿਤਨਾ

8 ਅਪ੍ਰੈਲ
13 ਅਪ੍ਰੈਲ
23 ਅਪ੍ਰੈਲ
28 ਅਪ੍ਰੈਲ
ਸ਼ੁੱਕਰਵਾਰ
ਸ਼ੁੱਕਰਵਾਰ
ਵੀਰਵਾਰ
ਸ਼ਨੀਵਾਰ
ਮੰਗਲਵਾਰ
ਸੋਮਵਾਰ
ਸੋਮਵਾਰ
ਸ਼ੁੱਕਰਵਾਰ
ਸ਼ੁੱਕਰਵਾਰ
ਸ਼ੁੱਕਰਵਾਰ
ਸ਼ੁੱਕਰਵਾਰ
ਬੁੱਧਵਾਰ ਤੋਂ
ਸ਼ੁੱਕਰਵਾਰ

ਉਹ ਆਪਣੇ ਸੰਚਾਲਕ ਮਹਾਂਪੁਰਸ਼ਾ ਦਾ । 'ਖ਼ਾਲਸਾ' ਕਿਸੇ ਧਰਮ, ਕਿਸੇ ਮਹਾਂਪੁਰਸ਼, ਕਿਸੇ ਉਪਾਸਨਾ ਦੇ ਢੰਗ ਨਾਲ ਵਿਤਕਰਾ ਨਹੀਂ ਕਰ ਸਕਦਾ । ਖ਼ਾਲਸੇ ਦਾ ਆਪਣਾ 'ਮੀਰੀ ਪੀਰੀ' ਅਤੇ 'ਸੰਤ-ਸਿਪਾਹੀ ਦਾ ਸਿਧਾਂਤ ਅਦੁੱਤੀ ਹੈ । ਖ਼ਾਲਸੇ ਦਾ ਸਦੀਵੀ ਆਦਰਸ਼, 'ਵਾਹਿਗੁਰੂ ਜੀ ਕੀ ਫ਼ਤਹਿ' ਹੈ । ਭਾਵ ਖ਼ਾਲਸਾ ਸੰਸਾਰ ਦੀ ਉਹ ਦਸ਼ਾ ਚਾਹੁੰਦਾ ਹੈ ਜਿਥੇ 'ਰਾਜ ਵਾਹਿਗੁਰੂ' ਦਾ ਹੋਵੇ ।

ਖ਼ਾਲਸਾ ਇਕ ਆਦਰਸ਼ ਹੈ ਅਤੇ ਖ਼ਾਲਸਾ ਦਾ ਕਰਤੱਵ ਉਸ ਆਦਰਸ਼ ਲਈ ਘਾਲਣਾ ਘਾਲਦਾ ਹੈ । ਉਸ ਲਈ ਜੂਝਣਾ ਹੈ । ਆਦਰਸ਼ ਸੱਚ, ਏਕਤਾ ਨਿਆਂ,ਸੁੰਦਰਤਾ, ਅਮਨ, ਪ੍ਰੇਮ ਦੀ ਸਥਾਪਨਾ ਹੈ । ਇਹ ਰੱਬੀ ਰਾਜ ਹੈ- 'ਵਾਹਿਗੁਰੂ ਜੀ ਕੀ ਫਤਹਿ' ਅਤੇ ਇਸ ਰਾਜ ਨੂੰ ਸਥਾਪਨ ਕਰਨਾ ਖ਼ਾਲਸੇ ਦਾ ਕਰਤੱਵ ਹੈ ।

ਬਾਬਾ ਫਰੀਦ, ਕਬੀਰ, ਨਾਮਦੇਵ ਸਭ ਖ਼ਾਲਸੇ ਹਨ । ਗੁਰੂ ਨਾਨਕ ਦੀ ਆਵਾਜ਼, ਹਰਿਦੁਆਰ ਵਿੱਚ, ਕੁਰੂਕਸ਼ੇਤਰ ਵਿੱਚ, ਬਾਬਰ ਦੇ ਮੁਕਾਬਲੇ ਤੇ ਖਾਲਸੇ ਦੀ ਆਵਾਜ਼ ਸੀ । ਸਿਧਾਂ ਦੇ ਮੁਕਾਬਲੇ ਤੋਂ ਗੁਰੂ ਨਾਨਕ ਦੀ ਅਵਾਜ ਖ਼ਾਲਸੇ ਦੀ ਆਵਾਜ ਸੀ । ਗੁਰੂ ਰਾਮਦਾਸ ਜੀ ਦੀ ਅਵਾਜ਼ ਅਕਬਰ ਦੀ ਕਚਹਿਰੀ ਵਿਚ ਖ਼ਾਲਸੇ ਦੀ ਆਵਾਜ਼ ਸੀ । ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਖ਼ਾਲਸੇ ਦੀ ਆਵਾਜ਼ ਦਾ ਚਮਤਕਾਰ ਸੀ। ਮੀਰੀ ਪੀਰੀ ਦੇ ਮਾਲਕ ਦੀ ਆਵਾਜ਼ ਖ਼ਾਲਸੇ ਦੀ ਆਵਾਜ਼ ਸੀ । ਇਸੇ ਲਈ ਸਾਮਰਾਜਸ਼ਾਹੀ ਨੂੰ ੫੨ ਨਜ਼ਰਬੰਦ ਕੀਤੇ ਰਾਜਿਆਂ ਨੂੰ ਅਜ਼ਾਦ ਕਰਨਾਂ ਪਿਆ । ਗੁਰੂ ਤੇਗ ਬਹਾਦਰ ਦੀ ਆਵਾਜ਼ ਖ਼ਾਲਸੇ ਦੀ ਆਵਾਜ਼ ਸੀ ਜਿਸਨੇ ਅਨਿਆਈਂ ਰਾਜ ਦਾ ਖਾਤਮਾ ਕਰ ਦਿੱਤਾ । ਗੁਰੂ ਗੋਬਿੰਦ ਸਿੰਘ ਜੀ,ਚਾਰ ਸਾਥਿਜਾਦਿਆਂ ਅਤੇ ਅਨੇਕ ਸ਼ਹੀਦਾਂ ਦੀ ਆਵਾਜ ਸੱਚ,ਨਿਆਂ,ਏਕਤਾ,ਸੁਤੰਤਰਤਾ ਦੀ ਰੱਖਿਆ ਲਈ ਸੀ ਜੋ ਅੱਜ ਤਕ ਗੂੰਜ ਰਹੀ ਹੈ । ਜਦੋਂ ਕਿ ਲੱਖਾਂ ਕਪਟੀਆਂ, ਜਰਵਾਣਿਆਂ, ਅਨਿਆਂਈਆਂ ਦੀ ਆਵਾਜ਼ ਖਤਮ ਹੋ ਚੁੱਕੀ ਹੈ । ਖ਼ਾਲਸੇ ਦੀ ਆਵਾਜ਼ ਸਦਾ ਗੂੰਜਦੀ ਰਹੇਗੀ । ਖ਼ਾਲਸਾ ਜਿੰਦਗੀ ਦਾ ਸਰਵੋਤਮ ਆਦਰਸ਼ ਹੈ । ਇਸ ਲਈ ਇਹ ਲੱਖਾਂ ਕੱਚਿਆਂ ਲੋਕਾਂ ਤੋਂ ਭਾਰੂ ਹੈ ।

ਖਾਲਸੇ ਦਾ ਜਨਮ ਜਪੁ, ਜਾਪ, ਚੌਪਈ ਅਤੇ ਆਨੰਦ ਵਿਚੋਂ ਹੋਇਆ ਹੈ । ਇਨ੍ਹਾਂ ਬਾਣੀਆਂ ਦੇ ਆਦਰਸ਼ ਹੀ ਖ਼ਾਲਸਾ ਆਦਰਸ਼ ਹਨ । ਇਨ੍ਹਾਂ ਆਦਰਸ਼ਾਂ ਨੂੰ ਹੀ ਖ਼ਾਲਸੇ ਨੇ ਪਾਲਣਾ ਹੈ । ਇਨ੍ਹਾਂ ਬਾਣੀਆਂ ਦੇ ਨਿਤਨੇਮ ਦੁਆਰਾ ਹੀ ਉਹ ਰੋਜ਼ ਆਪਣੇ ਆਦਰਸ਼ਾਂ ਨੂੰ ਸੁਰਜੀਤ ਕਰਦਾ ਹੈ । ਖ਼ਾਲਸਾ ਸਰਬ ਲੋਹ ਦਾ ਵੀ ਉਪਾਸ਼ਕ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦਾ ਪਰਮਾਤਮਾ ਸਰਬ ਲੋਹ ਦਾ ਹੈ । ਖ਼ਾਲਸੇ ਦੇ ਕੇਸ ਅਤੇ ਦਾੜ੍ਹਾ ਗੈਰਤ ਤੇ ਸ਼ਾਨ ਦੇ ਲਖਾਇਕ ਹਨ । ਉਸ ਤੇ ਕੜਾ ਤੇ ਕ੍ਰਿਪਾਨ ਉਸ ਦੇ ਸਰਬ ਲੋਹ ਦੇ ਚਿੰਨ੍ਹ ਹਨ । ਐਸਾ ਖ਼ਾਲਸਾ ਨਿਰਸੰਦੇਹ 'ਸਵਾ ਲੱਖ' ਤੋਂ ਵੱਧ ਬਲਵਾਨ ਹੈ । ਇਹ ਜਿਹਾ ਖਾਲਸਾ 'ਸਵਾ ਲੱਖ' ਨਾਲ ਫਤਹਿ ਦੇ ਸਮਰੱਥ ਹੈ ।

ਖਾਲਸੇ ਦੀਦਾਰ ਦਾ ਚਾਹਵਾਨ,

ਚਮਨ ਸਿੰਘ 'ਚਮਨ'

ੴ ਸਤਿਗੁਰ ਪ੍ਰਸਾਦਿ ॥

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**

ਸ੍ਰੀਮਾਨ ਗੁਰਮੁਖ ਪਿਆਰੇ ਪ੍ਰੇਮ ਸਨੇਹੀ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਟਿਕਾਣਾ ਸਾਹਿਬ ਵਲੋਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੇ ਲਈ ਸ਼ੁੱਭ ਅਸੀਸਾਂ ।

ਅੱਗੇ ਆਪ ਜੀ ਨੂੰ ਵਿਦਿਤ ਹੋਵੇ ਕਿ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਸੰਸਥਾਪਕ, ਸੇਵਾ, ਸਿਮਰਨ, ਸਾਦਗੀ ਤੇ ਪਰਉਪਕਾਰ ਦੀ ਮੂਰਤ ਸ੍ਰੀਮਾਨ ਮਹੰਤ ਭਾਈ ਗੁਲਾਬ ਸਿੰਘ ਜੀ ਦੀ **51**ਵੀਂ ਬਰਸੀ ਮਿਤੀ **18, 19** ਤੇ **20** ਅਪ੍ਰੈਲ **2001** ਮੁਤਾਬਿਕ **6, 7** ਤੇ **8** ਵੈਸਾਖ **2058** ਦਿਨ ਬੁੱਧ, ਵੀਰਵਾਰ ਤੇ ਸ਼ੁੱਕਰਵਾਰ ਨੂੰ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ ।

ਸੋ ਸੇਵਾ ਕਮਾਉਣ, ਗੁਰੂ ਜਸ ਸੁਨਣ ਤੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦਾ ਸੁਭਾਗ ਸਮਾਂ ਹੈ । ਸਰਬੱਤ ਨੇ ਪਰਿਵਾਰ ਸਹਿਤ ਲਾਭ ਉਠਾਉਣਾ ।

ਸਾਧ ਸੰਗਤ ਦੇ ਦਾਸ :

(ਸੰਤ) ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ'
(ਸੰਤ) ਭਾਈ ਹਰਪਾਲ ਸਿੰਘ ਜੀ 'ਸੇਵਾ ਪੰਥੀ'
(ਸੰਤ) ਭਾਈ ਰਣਜੀਤ ਸਿੰਘ ਜੀ 'ਸੇਵਾ ਪੰਥੀ'
(ਸੰਤ) ਭੁਪਿੰਦਰ ਸਿੰਘ ਜੀ 'ਸੇਵਾ ਪੰਥੀ'

(ਮਹੰਤ) ਤੀਰਥ ਸਿੰਘ
'ਸੇਵਾ ਪੰਥੀ'
ਟਿਕਾਣਾ ਭਾਈ ਜਗਤਾ ਜੀ ਸਾਹਿਬ,
(ਨੂਰਪੁਰ ਥਲ)

## ਟਿਕਾਣਾ ਭਾਈ ਜਗਤਾ ਜੀ ਸਾਹਿਬ

ਗੋਨਿਆਣਾ ਮੰਡੀ, ਜਿਲ੍ਹਾ ਬਠਿੰਡਾ (ਪੰਜਾਬ)

ਐਸ. ਟੀ. ਡੀ. ਕੋਡ : **0164** ਫੋਨ (ਨਿਵਾਸ) **262012**,(ਦਫਤਰ) **262051**

१उंकार सतिगुरु प्रसादि।।

## होए एकत्र मिलहु मेरे भाई दुबिधा दूरि करहू लिव लाए।।

श्रीमान गुरमुख प्यारे परम स्नेही जी !

वाहिगुरू जी का खालसा।।
वाहिगुरू जी की फतेह ।।

टिकाना साहिब की ओर से गुरू घर की खुशियां प्राप्त करने के लिए शुभ आर्शीवाद।

आगे आप सबको सूचित किया जाता है कि टिकाना भाई जगता जी साहिब गोनियाना के संस्थापक, सेवा, सिमरण, सादगी और परोपकार की मूर्त **श्रीमान महंत भाई गुलाब सिंह जी की 51वीं बरसी** तिथि 18, 19 व 20 अप्रैल 2001 तदानुसार 6, 7 व 8 वैसाख 2058 दिन बुध, गुरूवार और शुक्रवार को बड़े प्रेम, श्रद्धा व उत्साह के साथ मनाई जा रही है!

सो सेवा करने, गुरू यश सुनने तथा महांपुरूषों के दर्शन करने का सौभाग्यशाली समय है। अतः समस्त परिवार दर्शन देकर लाभ उठाऐं।

साध संगत के दास :

(संत) भाई काहन सिंह 'सेवा पंथी'
(संत) भाई हरपाल सिंह 'सेवा पंथी'
(संत) भाई रणजीत सिंह 'सेवा पंथी'
(संत) भुपिंदर सिंह 'सेवा पंथी'

(महंत) तीर्थ सिंह 'सेवा पंथी''
टिकाना भाई जगता जी साहिब
(नूरपुर थल)

# टिकाना भाई जगता जी साहिब

गोनियाना मंडी (बठिंडा, पंजाब)

एस. टी. डी. कोड : 0164 फोन : (निवास) 262012,(दफतर) 262051

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

# ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ

## ਨਵੀਂ ਬਸਤੀ, ਗੋਨਿਆਣਾ ਮੰਡੀ (ਬਠਿੰਡਾ)

ਵਿਖੇ

ਮਿਤੀ **16** ਤੋਂ **18** ਅਪ੍ਰੈਲ **2001** (ਮੁਤਾਬਿਕ **4** ਤੋਂ **6** ਵੈਸਾਖ **2058**)

ਦਿਨ ਸੋਮਵਾਰ, ਮੰਗਲਵਾਰ ਤੇ ਬੁੱਧਵਾਰ ਨੂੰ

ਸੱਚ-ਖੰਡ ਵਾਸੀ ਸ਼੍ਰੀਮਾਨ ਸੰਤ ਭਾਈ ਸੁਹੇਲ ਸਿੰਘ ਜੀ 'ਸੇਵਾ ਪੰਥੀ'

ਦੀ

# 52ਵੀਂ ਸਾਲਾਨਾ ਬਰਸੀ

ਸਮੂਹ ਸ਼ਰਧਾਲੂ ਸੰਗਤਾਂ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਬੜੇ ਉਤਸ਼ਾਹ ਤੇ ਪ੍ਰੇਮ ਸਹਿਤ ਮਨਾਈ ਜਾ ਰਹੀ ਹੈ। ਜਿਸ ਨਾਲ ਸੰਤ ਭਾਈ ਸੁਹੇਲ ਸਿੰਘ ਜੀ ਦੇ ਧਾਰਮਿਕ ਤੇ ਪਰਉਪਕਾਰੀ ਜੀਵਨ ਦੀਆਂ ਯਾਦਾਂ ਤਾਜ਼ਾ ਹੋਣਗੀਆਂ। ਸਵੇਰੇ ਸ਼ਾਮ ਵਿਸ਼ੇਸ਼ ਦੀਵਾਨ ਸਜਣਗੇ। ਸਰਬੱਤ ਸੰਗਤਾਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਤੇ ਸੇਵਾ ਕਮਾਉਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

**ਬਰਸੀ ਦਿਹਾੜੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

ਪ੍ਰਾਰਥਕ :

ਸਾਧ ਸੰਗਤ ਦੇ ਦਾਸ,

(ਸੰਤ) ਕਾਹਨ ਸਿੰਘ 'ਸੇਵਾ ਪੰਥੀ'
ਫ਼ੋਨ : **263333**
(ਸੰਤ) ਪ੍ਰੀਤਮ ਸਿੰਘ 'ਮੁੱਖ ਸੇਵਾਦਾਰ'
ਫ਼ੋਨ : **262612**

(ਮਹੰਤ) ਤੀਰਥ ਸਿੰਘ
'ਸੇਵਾ ਪੰਥੀ'
ਫ਼ੋਨ : **262012**
ਮੋਬਾਇਲ : **98140-32957**

# ਪ੍ਰੋਗਰਾਮ ਪ੍ਰਚਾਰ-ਯਾਤਰਾ ਅਪ੍ਰੈਲ 2001

## ਸ੍ਰੀਮਾਨ 108 ਮਹੰਤ ਭਾਈ ਤੀਰਥ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਕੋਡ : 0164 ਫੋਨ : 262012, 262051, 262000 ਫੈਕਸ : 262657
ਮੋਬਾ:(ਮਹੰਤ ਸਾਹਿਬ) 98140-32957,(ਸੰਤ ਗੁਰਚਰਨ ਸਿੰਘ)98140-02004ਫੋਨ:263888

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 1-4-2001 | ਮੋਹਾਲੀ | ਗੁਰਪ੍ਰਕਾਸ਼ ਅਕਾਲ ਆਸਰਮ ਸੁਹਾਣਾ<br>Ph. 258410 Mob: 98140-99435 |
| 2-4-2001 | ਸਿੱਠੇਵਾਲ (ਮਾਛੀਵਾੜਾ) | ਪਾਠ ਸਮਾਪਤੀ ਤੇ ਯੱਗ-ਸਮਾਗਮ<br>ਬ: ਮਹੰਤ ਭਾਈ ਗੁਲਾਬ ਸਿੰਘ, ਸੰਤ ਹਰੀ ਸਿੰਘ । |
| 4-4-2001 | ਦਿੱਲੀ | ਪਾਠ-ਸਮਾਪਤੀ, |
| 6-4-2001 | | ਸ. ਇੰਦਰ ਸਿੰਘ 80/79- A ਮਾਲਵੀਆ ਨਗਰ ,<br>Ph. 6684091 Mob: 98110-71583 |
| 8-4-2001 | ਬਠਿੰਡਾ | ਉਦਘਾਟਨ, (ਕਲੀਨਕ)<br>ਡਾ. ਜਗਜੀਤ ਸਿੰਘ ਚਾਵਲਾ (ਸਮਾਂ ੧੧-੦੦ ਵਜੇ) |
| 13-4-2001 | ਗੋਨਿਆਣਾ ਭਾਈ ਜਗਤਾ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 15-4-2001 | ਬਠਿੰਡਾ | ਮਹੂਰਤ, ਵਾਦੀ ਹਸਪਤਾਲ<br>ਜੀ.ਟੀ. ਰੋਡ ਨੇੜੇ ਡਾ. ਮਹਿੰਦਰ ਸਿੰਘ<br>ਫੋਨ: 250380 (ਘਰ)<br>ਮੋਬਾਇਲ 98141-62025 |
| 16-4-2001 ਤੋਂ<br>18-4-2001 ਤੱਕ | ਗੋਨਿਆਣਾ ਮੰਡੀ | ਯੱਗ-ਸਮਾਗਮ,<br>ਪਰਵੀਂ ਬਰਸੀ ਸੰਤ ਭਾਈ ਸੁਹੇਲ ਸਿੰਘ ਜੀ<br>ਨਵੀਂ ਬਸਤੀ । |
| 18-4-2001 ਤੋਂ<br>20-4-2001 ਤੱਕ | ਗੋਨਿਆਣਾ ਮੰਡੀ | ਸਲਾਨਾ ਯੱਗ-ਸਮਾਗਮ .<br>ਪ੧ਵੀਂ ਬਰਸੀ ਮਹੰਤ ਗੁਲਾਬ ਸਿੰਘ ਜੀ,<br>ਟਿਕਾਣਾ ਭਾਈ ਜਗਤਾ ਜੀ । |
| 25-4-2001 | ਬਠਿੰਡਾ | ਪਾਠ ਸਮਾਪਤੀ<br>ਸ੍ਰੀ ਰਾਮ ਪ੍ਰਕਾਸ਼ ਸਿੰਘ (ਮੋਟਰ ਵਾਲੇ)<br>Ph. 215536 (R) 254893 (S) |

# ਸੋ ਦਰੁ ਰਹਿਰਾਸ ਸਾਹਿਬ

- ਸੰਤ ਕਾਹਨ ਸਿੰਘ "ਸੇਵਾ ਪੰਥੀ"

ਲੜੀ ਜੋੜਨ ਲਈ ਮਾਰਚ 2001 ਦਾ ਅੰਕ ਪੜ੍ਹੋ।

## ਕਬਯੋ ਬਾਚ ਬੇਨਤੀ ॥ਚੌਪਈ॥

ੴ

ਕਬਯੋ ਬਾਚ ਬੇਨਤੀ ॥ ਚੌਪਈ ॥

ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
ਆਪੁ ਆਪਨੀ ਬੂਝਿ ਉਚਾਰੈ ॥
ਤੁਮ ਸਭ ਹੀ ਤੇ ਰਹਤ ਨਿਰਾਲਮ॥
ਜਾਨਤ ਬੇਦ ਭੇਦ ਅਰੁ ਆਲਮ ॥੧੪॥
ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ ॥
ਆਦਿ ਅਨੀਲ ਅਨਾਦਿ ਅਸੰਭ ॥
ਤਾਕਾ ਮੂੜ੍ਹ ਉਚਾਰਤ ਭੇਦਾ ॥
ਜਾਕੋ ਭੇਵ ਨ ਪਾਵਤ ਬੇਦਾ ॥੧੫॥

ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥

ਪਦਅਰਥ : ਉਦਕਰਖ :- ਸ੍ਰਿਸ਼ਟੀ ਨੂੰ ਪੈਦਾ ਕਰਨ ਦਾ ਵਿਚਾਰ। ਕਰਾ :-ਕੀਤਾ ਕਰਤਾਰਾ ·ਕਰਤਾ ਪੁਰਖ । ਪ੍ਰਜਾ :- ਲੋਕਾਈ। ਧਰਤ :- ਧਰਤੀ। ਦੇਹ :- ਸਰੀਰ।

**ਅਰਥ** - ਹੇ ਕਰਤਾ ਪੁਰਖ! ਜਦੋਂ-ਜਦੋਂ ਆਪ ਜੀ ਨੇ ਸੰਸਾਰ ਨੂੰ ਪੈਦਾ ਕਰਨ ਦਾ ਸੰਕਲਪ (ਵਿਚਾਰ) ਕੀਤਾ। ਤਦੋ-ਤਦੋ ਹੀ ਲੋਕਾਈ ਨੇ ਬੇਅੰਤ ਸਰੀਰ ਧਾਰਨ ਕੀਤੇ।

**ਜਬ ਆਕਰਖ ਕਰਤ ਹੋ ਕਬਹੂੰ ॥**

**ਤੁਮ ਮੈ ਮਿਲਤ ਦੇਹ ਧਰ ਸਭਹੂੰ ॥**

**ਅਰਥ** : ਹੇ ਪ੍ਰਭੂ! ਜਦ ਕਦੀ ਆਪ ਜੀ ਆਕਰਖ ਭਾਵ ਸ੍ਰਿਸ਼ਟੀ ਨੂੰ ਸਮੇਟਣ ਦੀ ਵਿਚਾਰ ਕਰਦੇ ਹੋ ਉਦੋਂ ਹੀ ਸਾਰੇ ਦੇਹ ਧਾਰੀ (ਜੀਵ-ਜੰਤੂ) ਤੁਹਾਡੇ ਵਿਚ ਹੀ ਸਮਾਅ ਜਾਂਦੇ ਹਨ।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥**

**ਆਪੁ ਆਪਨੀ ਬੂਝਿ ਉਚਾਰੈ ॥**

**ਅਰਥ** : ਹੇ ਪ੍ਰਭੂ! ਸਾਰੀ ਸ੍ਰਿਸਟੀ ਵਿਚ ਜਿਤਨੇ ਵੀ ਸਰੀਰ ਜੀਵਾਂ ਨੇ ਧਾਰਨ ਕੀਤੇ ਹਨ,ਹਰ ਕੋਈ ਆਪੋ ਆਪਣੀ ਸਮਝ ਅਨੁਸਾਰ ਤੁਹਾਡੀ ਵਡਿਆਈ (ਉਪਮਾ) ਨੂੰ ਕਥਨ ਕਰਦਾ ਹੈ।

**ਤੁਮ ਸਭ ਹੀ ਤੇ ਰਹਤ ਨਿਰਾਲਮ ॥**

**ਜਾਨਤ ਬੇਦ ਭੇਦ ਅਰੁ ਆਲਮ ॥੧੪॥**

**ਅਰਥ** : ਹੇ ਪ੍ਰਭੂ! ਤੁਸੀ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ। ਇਸ ਗੁਰਜ ਰਹੱਸਮਈ ਗਿਆਨ ਨੂੰ ਵੇਦਾਂ ਦੇ ਜਾਨਣ ਵਾਲੇ (ਵੇਦੀ ਜਾਂ ਵੇਦਾਂਤੀ ) ਅਤੇ ਜਾਂ ਫਿਰ ਤੱਤ ਗਿਆਨੀ ਹੀ ਜਾਣਦੇ ਹਨ।

**ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ ॥**

**ਆਦਿ ਅਨੀਲ ਅਨਾਦਿ ਅਸੰਭ ॥**

**ਪਦ ਅਰਥ** : **ਨਿਰੰਕਾਰ** :- ਸਥੂਲ ਅਕਾਰ ਤੋਂ ਰਹਿਤ। **ਨ੍ਰਿਬਿਕਾਰ** :- ਆਸਰੇ ਤੋ ਰਹਿਤ। **ਆਦਿ** :- ਸਭ ਦਾ ਮੁਢ। **ਅਨੀਲ** :ਰੰਗ ਤੋਂ ਰਹਿਤ। **ਅਨਾਦਿ** : ਆਦਿ ਤੋ ਰਹਿਤ। **ਅਸੰਭ**: ਆਪਣੇ ਆਪ ਤੋਂ ਪ੍ਰਕਾਸ਼ਮਾਨ।

**ਅਰਥ** : (ਉਹ ਅਕਾਲ ਪੁਰਖ) ਅਕਾਰ ਤੋਂ ਰਹਿਤ ਹੈ। ਵਿਕਾਰਾਂ ਤੋਂ ਮੁਕਤ ਅਤੇ ਹਰ ਪ੍ਰਕਾਰ ਦੇ ਆਸਰਿਆਂ ਤੋਂ ਬੇ-ਮੁਥਾਜ ਹੈ।ਉਹ ਪ੍ਰਭੂ ਸਾਰੀ ਰਚਨਾ ਦਾ ਮੁਢ ਮੂਲ ਹੈ। ਰੂਪ ਰੰਗ ਤੋ ਰਹਿਤ ਹੈ। ਜਿਸ ਦਾ ਕੋਈ ਆਦਿ ਨਹੀਂ ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ।

**ਤਾਕਾ ਮੂੜ੍ਹ ਉਚਾਰਤ ਭੇਦਾ ॥**

**ਜਾਕੋ ਭੇਵ ਨ ਪਾਵਤ ਬੇਦਾ ॥੧੫॥**

**ਅਰਥ** : ਤਿਸ ਪ੍ਰਭੂ ਦਾ (ਇਹ) ਮੂੜ੍ਹ (ਮੂਰਖ ਜੀਵ) ਭੇਦ (ਅੰਤ) ਦੱਸਣ ਪਾਉਣ ਦੀ ਸ਼ੇਖੀ ਮਾਰਦਾ ਹੈ। ਜਿਸਦਾ ਭੇਦ (ਅੰਤ) ਬੇਦ ਵੀ ਨਹੀਂ ਪੀ ਸਕਦਾ।

(ਚੱਲਦਾ )

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਮਾਰਚ 2001 ਦਾ ਅੰਕ ਪੜ੍ਹੋ।

ਕਰਉ ਬੇਨਤੀ ਪਾਰਬ੍ਰਹਮ ਸਭੁ ਜਾਨੈ ॥
ਅਪਨਾ ਕੀਆ ਆਪਹਿ ਮਾਨੈ ॥
ਆਪਹਿ ਆਪ ਆਪਿ ਕਰਤ ਨਿਬੇਰਾ ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥
ਉਪਾਵ ਸਿਆਨਪ ਸਗਲ ਤੇ ਰਹਤ ॥
ਸਭੁ ਕਛੁ ਜਾਨੈ ਆਤਮ ਕੀ ਰਹਤ ॥
ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥
ਥਾਨ ਥਨੰਤਰਿ ਰਹਿਆ ਸਮਾਇ ॥
ਸੋ ਸੇਵਕੁ ਜਿਸੁ ਕਿਰਪਾ ਕਰੀ ॥
ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥
ਅਪਨਾ ਕੀਆ ਆਪਹਿ ਮਾਨੈ ॥

ਅਰਥ :- ਗੁਰੂ ਜੀ ਫ਼ਰਮਾਉਂਦੇ ਹਨ ਕਿ ਜੋ ਪਾਰਬ੍ਰਹਮ ਸਭ ਕੁਝ ਜਾਣਦਾ ਹੈ ਭਾਵ ਸਭ ਦੇ ਹਿਰਦੇ ਦੀ ਜਾਣਦਾ ਹੈ ਮੈਂ ਉਸ ਪਾਸ ਹੀ ਬੇਨਤੀ ਕਰਦਾ ਹਾਂ, ਅਤੇ ਜੋ ਉਸਦਾ ਆਪਣਾ ਬਣਾਇਆ ਹੋਇਆ ਹੈ ਉਹ ਉਸਦਾ ਆਨੰਦ ਆਪ ਹੀ ਮਾਣਦਾ ਹੈ ਭਾਵ ਉਸਦਾ ਮਾਣ ਆਪ ਹੀ ਰੱਖਦਾ ਹੈ।

ਆਪਹਿ ਆਪ ਆਪਿ ਕਰਤ ਨਿਬੇਰਾ ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥

ਅਰਥ :- ਉਹ ਪ੍ਰਭੂ ਆਪ ਹੀ ਸਭ ਕੁਝ ਹੈ, ਇਹ ਜਗਤ ਉਸਦੀ ਹੀ ਪੈਦਾਵਾਰ ਹੈ ਤੇ ਆਪ ਹੀ ਸਭ ਨਿਆਂ ਕਰਦਾ ਹੈ, ਆਪਣੇ ਨਿਆਂ ਅਨੁਸਾਰ ਹੀ ਕਿਸੇ ਮਨਮੁੱਖ ਨੂੰ ਆਪਣਾ ਆਪ ਦੂਰ ਜਣਾਉਂਦਾ ਹੈ ਤੇ ਕਿਸੇ ਗੁਰਮੁਖ ਨੂੰ (ਆਪਣਾ ਆਪ) ਨੇੜੇ ਸੁਝਾ ਦਿੰਦਾ ਹੈ।

ਉਪਾਵ ਸਿਆਨਪ ਸਗਲ ਤੇ ਰਹਤ ॥
ਸਭੁ ਕਛੁ ਜਾਨੈ ਆਤਮ ਕੀ ਰਹਤ ॥

ਅਰਥ :- ਉਹ ਪ੍ਰਭੂ ਮਨੁੱਖ ਦੁਆਰਾ ਕੀਤੇ ਤੇ ਚਿਤਵੇ ਸਾਰੇ ਉਪਾਵਾਂ ਤੇ ਸਿਆਣਪਾਂ ਤੋਂ ਰਹਿਤ-ਦੂਰ ਹੈ। ਉਹ ਪਰਮੇਸ਼ਰ ਨੂੰ ਆਤਮਾ ਦੀ ਰਹਿਤ (ਭਾਵ ਜੀਵਾਂ ਦੇ ਮਨ ਦੀ ਹਾਲਤ) ਦਾ ਗਿਆਨ ਹੈ।

ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥
ਥਾਨ ਥਨੰਤਰਿ ਰਹਿਆ ਸਮਾਇ ॥

ਅਰਥ :- ਪ੍ਰਭੂ ਜਿਸਨੂੰ ਭਾਵੈ- ਚਾਹੁੰਦਾ ਹੈ ਉਸਨੂੰ ਉਹ ਪਰਮੇਸ਼ਰ ਆਪਣੇ ਲੜ ਲਾ ਲੈਂਦਾ ਹੈ। ਅਰਥਾਤ ਚਰਨਾਂ ਨਾਲ ਲਾ ਲੈਂਦਾ ਹੈ। ਉਹ ਸਾਰੀਆਂ ਥਾਵਾਂ ਤੇ ਭਾਵ ਸਾਰੀ ਸ੍ਰਿਸ਼ਟੀ ਵਿੱਚ ਸਮਾਅ ਰਿਹਾ ਹੈ।

ਸੋ ਸੇਵਕੁ ਜਿਸੁ ਕਿਰਪਾ ਕਰੀ ॥
ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥

ਅਰਥ :- ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਦਾ ਸੇਵਕ ਉਹ ਹੀ ਹੈ ਜਿਸ ਉੱਤੇ ਉਹ ਪ੍ਰਭੂ ਆਪ ਕ੍ਰਿਪਾ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਵਾਹਿਗੁਰੂ ਨੂੰ ਹਰ-ਪਲ ਯਾਦ ਕਰਦਾ ਹਾਂ ॥ ੮॥੫॥

(ਚੱਲਦਾ..)



# ਸੰਖੇਪ - ਜੀਵਨੀ

# ਸ੍ਰੀ ਗੁਰੂ ਅੰਗਦ ਦੇਵ ਜੀ

| | |
|---|---|
| ਨਾਮ | ਸ੍ਰੀ ਗੁਰੂ ਅੰਗਦ ਦੇਵ ਜੀ (ਪਹਿਲਾ ਨਾਂ ਭਾਈ ਲਹਿਣਾ ਜੀ) |
| ਪਾਤਸ਼ਾਹੀ | ਦੂਜੀ |
| ਪ੍ਰਕਾਸ਼ ਦਿਵਸ | 31 ਮਾਰਚ, 1504 ਈ:, ਵਿਸਾਖ ਸੁਦੀ 1,1561 ਸੰਮਤ ਨੂੰ |
| ਤਿਥੀ ਤੇ ਸਥਾਨ | ਮੱਤੇ (ਨਾਂਗੇ) ਦੀ ਸਰਾ, (ਹੁਣ) ਜ਼ਿਲ੍ਹਾ ਮੁਕਤਸਰ |
| ਪਿਤਾ ਜੀ ਦਾ ਨਾਮ | ਬਾਬਾ ਫੇਰੂ ਮੱਲ ਜੀ (ਵੰਸ ਤ੍ਰੇਹਣ ਖੱਤਰੀ) |
| ਮਾਤਾ ਜੀ ਦਾ ਨਾਮ | ਦਇਆ ਕੌਰ (ਸਭਰਾਈ) ਜੀ |
| ਵਿਆਹ | ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ, ਪਿੰਡ ਸੰਘਰ (ਖਡੂਰ ਸਾਹਿਬ ਦੇ ਨੇੜੇ) ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ । |
| ਸੰਤਾਨ | ਦੋ ਸਪੁੱਤਰ-ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ<br>ਦੋ ਸਪੁੱਤਰੀਆਂ-ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ । |
| ਗੁਰ - ਮਿਲਾਪ | ਸੰਮਤ 1589 ਸ੍ਰੀ ਕਰਤਾਰਪੁਰ ਵਿਚ |
| ਗੁਰਗੱਦੀ ਨਸ਼ੀਨੀ | ਸ੍ਰੀ ਕਰਤਾਪੁਰ, ਹਾੜ ਵਦੀ 13 (17 ਹਾੜ) ਸੰਮਤ 1569 ਮੁਤਾਬਿਕ 14 ਜੂਨ ਸੰਨ 1539 ਈ: |
| ਪਵਿੱਤਰ ਨਗਰ ਵਸਾਏ | ਖਡੂਰ ਸਾਹਿਬ ਸੰਨ 1539 ਈ: |
| ਕੁੱਲ ਉਮਰ | 48 ਸਾਲ |
| ਜੋਤਿ-ਜੋਤਿ ਸਮਾਏ | ਸ੍ਰੀ ਖਡੂਰ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਵਿਸਾਖ ਸੁਦੀ 4, (1ਵੈਸਾਖ) ਸੰਮਤ 1609, ਮੁਤਾਬਿਕ 1 ਅਪ੍ਰੈਲ ਸੰਨ 1552 |
| ਗੁਰਗੱਦੀ ਕਾਲ | ਤਕਰੀਬਨ 13 ਵਰ੍ਹੇ |
| ਬਾਣੀ ਰਚਨਾ | ਕੁਲ 63 ਸਲੋਕ 10 ਵਾਰਾਂ ਵਿੱਚ ਦਰਜ ਹਨ । |
| ਵਿਸ਼ੇਸ਼ ਕਥਨ | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦਾ ਪ੍ਰਚਾਰ, ਗੁਰਮਖੀ ਲਿੱਪੀ ਦਾ ਸੁਧਾਰ ਤੇ ਉਸ ਵਿਚ ਬਾਣੀ ਲਿਖ ਕੇ ਉਸ ਦਾ ਪਸਾਰ, ਲੰਗਰ ਪੰਗਤ ਦੀ ਪ੍ਰਥਾ ਨੂੰ ਬਲ ਪ੍ਰਦਾਨ ਕਰਨਾ । |
| ਸਮਕਾਲੀ ਹੁਕਮਰਾਨ | ਹਮਾਯੂੰ, ਸ਼ੇਰ ਸ਼ਾਹ ਸੂਰੀ, ਇਸਲਾਮ ਸ਼ਾਹ ਸੂਰੀ । |

ਸੇਵਾ ਤੇ ਨਿਮਰਤਾ ਦੇ ਪੁੰਜ-

# ਗੁਰੂ ਅੰਗਦ ਦੇਵ ਜੀ

- ਡਾ. ਮਨਜੀਤ ਸਿੰਘ

ਦੂਸਰੇ ਨਾਨਕ, ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ੫ ਵਿਸਾਖ, ੧੫੬੧ ਬਿਕਰਮੀ, ਮੁਤਾਬਿਕ ੩੧ ਮਾਰਚ ੧੫੦੪ ਈ. ਨੂੰ ਅੰਮ੍ਰਿਤ ਵੇਲੇ, ਦਿਨ ਐਤਵਾਰ ਪਿੰਡ ਮੱਤੇ ਦੀ ਸਰਾਏ ਵਿਖੇ ਹੋਇਆ। ਬਾਬਰ ਦੇ ਹਮਲੇ ਸਮੇਂ ਪਿੰਡ ਮੱਤੇ ਦੀ ਸਰਾਏ ਉਜੜ ਗਿਆ। ਇਕ ਨਾਂਗੇ ਸਾਧੂ ਨੇ ਨਵਾਂ ਪਿੰਡ ਆਬਾਦ ਕੀਤਾ ਜਿਸ ਦਾ ਨਾਂ ਨਾਂਗੇ ਦੀ ਸਰਾਂ,ਜਾਂ ਸਰਾਏ ਨਾਂਗਾ ਪਿਆ। ਨਾਂਗੇ ਦੀ ਸਰਾਂ ਮੁਕਤਸਰ ਤੋਂ ੪੦ ਮੀਲ ਪੂਰਬ ਵੱਲ ਸਥਿਤ ਹੈ। ਇਹ ਪਿੰਡ ਪਹਿਲਾਂ ਜ਼ਿਲ੍ਹਾ ਫਿਰੋਜਪੁਰ ਵਿਚ ਸੀ ਤੇ ਫਿਰ ਫਰੀਦਕੋਟ ਵਿੱਚ ਤੇ ਅੱਜ ਕਲ ਜਿਲ੍ਹਾ ਮੁਕਤਸਰ ਵਿੱਚ ਹੈ। ਆਪਦੇ ਪਿਤਾ 'ਫੇਰੂਮਲ' ਤਰੇਹਣ ਗੋਤ ਦੇ ਖੱਤਰੀ ਸਨ ਅਤੇ ਵੈਸ਼ਨੋ ਦੇਵੀ ਦੇ ਭਗਤ ਸਨ। ਆਪ ਦੀ ਮਾਤਾ ਦਾ ਪੇਕਾ ਨਾਂ ਰਾਮੋ ਸੀ ਤੇ ਵਿਆਹ ਉਪਰੰਤ ਦਇਆ ਕੌਰ ਹੋਇਆ। ਫੇਰੂਮਲ ਦਾ ਇਲਾਕੇ ਵਿਚ ਵਧੇਰੇ ਸਤਿਕਾਰ ਨਹੀਂ ਸੀ। ਉਨ੍ਹਾਂ ਨੇ ਉਥੇ ਰਹਿਣਾ ਉਚਿਤ ਨਾ ਸਮਝਿਆ ਅਤੇ ਨਾਂਗੇ ਦੀ ਸਰਾਂ ਤੋਂ ਖਡੂਰ ਸਾਹਿਬ ਆ ਗਏ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਾਡਾ ਇਤਿਹਾਸ (ਭਾਗ ਪਹਿਲਾ) ਵਿੱਚ ਪੰਨਾ ੧੧੪ ਤੇ ਸੰਕੇਤ ਕੀਤਾ ਹੈ "੧੫੨੭ ਈ. ਵਿੱਚ ਤਖਤ ਮੱਲ ਅਤੇ ਬਾਬਾ ਫੇਰੂਮੱਲ ਜੀ ਦੀ ਅਣਬਣ ਹੋ ਗਈ ਪਰ ਤਖਤ ਮੱਲ ਦੀ ਸਪੁੱਤਰੀ ਸਭਰਾਈ (ਵਿਰਾਈ, ਭਰਾਈ,ਫਿਰਾਈ) ਜੋ ਕਿ ਖਡੂਰ ਸਾਹਿਬ ਦੇ ਚੌਧਰੀ ਮਹਿਮੇ ਨਾਲ ਵਿਆਹੀ ਹੋਈ ਸੀ ਨੇ ਇਕ ਵਾਰ ਆਪਣੇ ਪਿਤਾ ਜੀ ਤਖਤ ਮੱਲ ਤੇ ਫੇਰੂਮੱਲ ਜੀ ਦੀ ਸੁਲਾਹ ਕਰਵਾ ਦਿੱਤੀ। ਮੁੜ ਅਣਬਣ ਹੋਣ ਦੇ ਡਰੋਂ ਫੇਰੂ ਜੀ ਨੂੰ ਮੱਤੇ ਦੀ ਸਰਾਂ ਛੱਡਣੀ ਪਈ।"

ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਸੀ। ਆਪ ਜੀ ਦੀ ਸ਼ਾਦੀ ਪਿੰਡ ਸੰਘਰ ਦੇ ਵਸਨੀਕ ਦੇਵੀ ਚੰਦ ਦੀ ਲੜਕੀ 'ਖੀਵੀ' ਨਾਲ ਹੋਈ । ਮਾਤਾ ਖੀਵੀ ਜੀ ਦੀ ਕੁਖੋਂ ਦੋ ਪੁੱਤਰ ਦਾਸੂ ਅਤੇ ਦਾਤੂ ਦੋ ਧੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਪੈਦਾ ਹੋਈਆਂ। ਆਪ ਦੇ ਪਿਤਾ ਭਾਈ ਫੇਰੂ ਮੱਲ ਜੀ ਵੈਸ਼ਨੋ ਦੇਵੀ ਦੇ ਉਪਾਸ਼ਕ ਸਨ। ਆਪਣੇ ਪਿਤਾ ਦੇ ਪਰਭਾਵ ਸਦਕਾ ਆਪ ਦਾ ਝੁਕਾਵ ਵੀ ਦੇਵੀ ਦਰਸ਼ਨ ਵੱਲ ਵਧੇਰੇ ਸੀ ਆਪ ਉਨ੍ਹਾਂ ਦੇ ਨਾਲ ਅਕਸਰ ਦੇਵੀ ਦੁਆਰੇ ਜਾਂਦੇ ਸਨ। ਭਾਈ ਫੇਰੂ ਮੱਲ ਜੀ ੧੫੮੩ ਬਿਕਰਮੀ ਨੂੰ ਸਵਰਗ ਸਿਧਾਰ ਗਏ। ਉਸ ਸਮੇਂ ਭਾਈ ਲਹਿਣਾ ਜੀ ੨੨ ਸਾਲ ਦੇ ਸਨ। ਹੁਣ ਭਾਈ ਲਹਿਣਾ ਜੀ ਸੰਗ ਦੇ ਮੁੱਖੀ ਬਣਕੇ ਦੇਵੀ ਦਰਸ਼ਨਾ ਲਈ ਜਾਂਦੇ। ੧੫੮੮ ਬਿਕਰਮੀ ਤੱਕ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ।

ਗੁਰੂ ਨਾਨਕ ਦੇਵ ਜੀ ਦਾ ਸ਼ਰਧਾਲੂ ਭਾਈ ਜੋਧਾ ਖਡੂਰ ਸਾਹਿਬ ਰਹਿੰਦਾ ਸੀ। ਉਹ ਗੁਰੂ ਸਾਹਿਬ ਦੀ ਬਾਣੀ ਦਾ ਉਚਾਰਣ ਮਧੁਰ ਆਵਾਜ਼ ਵਿਚ ਕਰਦਾ ਸੀ। ਭਾਈ ਜੋਧਾ ਜੀ ਇਕ ਦਿਨ 'ਆਸਾ ਦੀ ਵਾਰ' ਦਾ ਪਾਠ ਕਰ ਰਹੇ ਸਨ । ਆਸਾ ਦੀ ਵਾਰ ਦਾ ਇਕ ਬੰਦ ਭਾਈ ਲਹਿਣਾ ਜੀ ਦੇ

ਕੰਨੀ ਪਿਆ :

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥

ਭਾਈ ਲਹਿਣਾ ਜੀ ਤੇ ਇਸ ਬਾਣੀ ਦਾ ਬਹੁਤ ਅਸਰ ਹੋਇਆ। ਉਨ੍ਹਾਂ ਨੂੰ ਅਗਲੇ ਦਿਨ ਭਾਈ ਜੋਧਾ ਜੀ ਤੋਂ ਉਸ ਬਾਣੀ ਦੇ ਰਚਿਤਾ ਬਾਰੇ ਪੁਛਿਆ। ਭਾਈ ਜੋਧਾ ਜੀ ਨੇ ਦੱਸਿਆ ਕਿ ਉਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ। ਭਾਈ ਲਹਿਣਾ ਜੀ ਦੇ ਮਨ ਵਿਚ ਅਜਿਹੇ ਗੁਰੂ ਦੇ ਦੀਦਾਰ ਲਈ ਅਭਿਲਾਸ਼ਾ ਉਤਪੰਨ ਹੋਈ। ੧੫੮੯ ਬਿਕਰਮੀ ਵਿਚ ਜਿਸ ਸਮੇਂ ਭਾਈ ਲਹਿਣਾ ਜੀ ਸੰਗ ਦੇ ਨਾਲ ਵੈਸ਼ਨੋ ਦੇਵੀ ਦੇ ਦਰਸ਼ਨ ਲਈ ਤਿਆਰ ਹੋਏ ਤਾਂ ਉਨ੍ਹਾਂ ਨੇ ਕਰਤਾਰਪੁਰ ਰਾਹੀਂ ਹੋ ਕੇ ਜਾਣ ਦਾ ਫੈਸਲਾ ਕੀਤਾ। ਪਿੰਡ ਵਿੱਚ ਪਹੁੰਚ ਕੇ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਪਿੰਡ ਦਾ ਮੋਹਰੀ ਜਾਣ ਕੇ ਆਪਣੇ ਗੁਰੂ ਨਾਨਕ ਦੇਵ ਜੀ ਦਾ ਮੁਕਾਮ ਪੁੱਛਿਆ। ਭਾਈ ਲਹਿਣਾ ਜੀ ਨੂੰ ਨਹੀਂ ਸੀ ਪਤਾ ਕਿ ਉਹੋ ਹੀ ਗੁਰੂ ਨਾਨਕ ਦੇਵ ਹਨ। ਗੁਰੂ ਨਾਨਕ ਦੇਵ ਜੀ ਭਾਈ ਲਹਿਣੇ ਨੂੰ ਉਸ ਹੀ ਗੁਰੂ ਦਾ ਘਰ ਦੱਸਣ ਲਈ ਅੱਗੇ ਹੋ ਤੁਰੇ ਤੇ ਭਾਈ ਲਹਿਣਾ ਘੋੜੀ ਤੇ ਸਵਾਰ ਉਨ੍ਹਾਂ ਦੇ ਪਿਛੇ ਪਿਛੇ। ਘਰ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਹ ਘਰ ਉਸ ਦੇ ਗੁਰੂ ਦਾ ਹੈ। ਘੋੜੀ ਬੰਨ੍ਹ ਕੇ ਜਦ ਭਾਈ ਲਹਿਣਾ ਜੀ ਨੇ ਦੇਖਿਆ ਕਿ ਉਹ ਆਪ ਹੀ ਅਸਲੀ ਗੁਰੂ ਨਾਨਕ ਹੈ ਤਾਂ ਉਨਾਂ ਨੇ ਗੁਰੂ ਸਾਹਿਬ ਤੇ ਖਿਮਾ ਮੰਗੀ ਕਿ ਉਨ੍ਹਾਂ ਨੂੰ ਆਪਣੇ ਗੁਰੂ ਦੇ ਨਾਲ ਨਾਲ ਘੋੜੀ ਤੇ ਚੜ੍ਹ ਕੇ ਨਹੀਂ ਸੀ ਆਉਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਨੂੰ ਅਹਿਮੀਅਤ ਨਾ ਦਿੱਤੀ। ਭਾਈ ਲਹਿਣਾ ਜੀ ਆਪਣੇ ਗੁਰੂ ਦੇ ਚਰਨੀ ਲੱਗ ਕੇ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਨਾਲ ਆਏ ਭਗਤਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਅਸਲੀ ਗੁਰੂ ਦੇ ਦਰਸ਼ਨ ਹੋ ਗਏ ਹਨ। ਇਸ ਲਈ ਉਹ ਹੁਣ ਦੇਵੀ ਦਵਾਰੇ ਨਹੀਂ ਜਾਣਗੇ। ਭਗਤਾਂ ਦੇ ਜ਼ੋਰ ਦੇਣ ਤੇ ਵੀ ਭਾਈ ਲਹਿਣਾ ਜੀ ਉਹਨਾਂ ਨਾਲ ਨਾ ਗਏ।

ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਕੋਲੋਂ ਉਨਾਂ ਦੇ ਸੰਗ ਰਹਿਣ ਲਈ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਉਹ ਖਡੂਰ ਸਾਹਿਬ ਤੋਂ ਹੋ ਕੇ ਆ ਜਾਣ। ਭਾਈ ਲਹਿਣਾ ਜੀ ਖਡੂਰ ਸਾਹਿਬ ਤੋ ਨਵੇਂ ਬਸਤਰ ਪਹਿਨ ਕੇ, ਸਿਰ ਤੇ ਲੂਣ ਦੀ ਬੋਰੀ ਚੁੱਕ ਕੇ ਗੁਰੂ ਘਰ ਆ ਪਹੁੰਚੇ ਪਰ ਗੁਰੂ ਸਾਹਿਬ ਘਰ ਨਹੀਂ ਸਨ। ਮਾਤਾ ਸੁਲੱਖਣੀ ਜੀ ਦੇ ਕਹਿਣ ਤੇ ਭਾਈ ਲਹਿਣਾ ਜੀ ਲੂਣ ਦੀ ਬੋਰੀ ਲੰਗਰ ਵਿਚ ਛੱਡ ਕੇ ਗੁਰੂ ਨਾਨਕ ਦੇਵ ਜੀ ਕੋਲ ਖੇਤ ਵਿਚ ਜਾ ਪੁੱਜੇ ਜਿਥੇ ਗੁਰੂ ਸਾਹਿਬ ਨੇ ਚਿੱਕੜ ਭਰੇ ਘਾਹ ਦੀਆਂ ਤਿੰਨ ਪੰਡਾਂ ਘਰ ਲਿਜਾਣ ਲਈ ਤਿਆਰ ਕੀਤੀਆਂ ਹੋਈਆ ਸਨ। ਉਨ੍ਹਾਂ ਨੇ ਆਪਣੇ ਪੁੱਤਰਾਂ ਬਾਬਾ ਸਿਰੀ ਚੰਦ ਅਤੇ ਬਾਬਾ ਲੱਖਮੀ ਚੰਦ ਨੂੰ ਘਾਹ ਦੀਆ ਪੰਡਾਂ ਉਠਾਉਣ ਲਈ ਕਿਹਾ ਪਰ

ਦੋਹਾਂ ਪੁੱਤਰਾਂ ਨੇ ਇਹ ਕਹਿਕੇ ਘਾਹ ਦੀਆ ਪੰਡਾਂ ਚੁੱਕਣ ਤੋਂ ਨਾਂਹ ਕਰ ਦਿਤੀ ਕਿ ਕੋਈ ਟਹਿਲੀਆ ਆਵੇਗਾ ਉਹ ਉਠਾਵੇਗਾ। ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਕਿਹਾ ਕਿ ਟਹਿਲੀਏ ਲੈ ਜਾਣਗੇ ਤੇ ਅਧਿਕਾਰੀ ਪਛਤਾਉਣਗੇ।

ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਣ ਜੀ ਕੋਲੋਂ ਘਾਹ ਦੀਆਂ ਪੰਡਾਂ ਚੁੱਕਣ ਦੀ ਆਗਿਆ ਮੰਗੀ। ਗੁਰੂ ਜੀ ਦੇ ਹੁਕਮ ਨਾਲ ਭਾਈ ਲਹਿਣਾ ਜੀ ਨੇ ਨਵੇਂ ਬਸਤਰਾਂ ਦੀ ਪਰਵਾਹ ਨਾ ਕੀਤੀ ਤੇ ਤਿੰਨੇ ਪੰਡਾਂ ਸਿਰ ਤੇ ਚੁੱਕ ਕੇ ਘਰ ਲੈ ਗਏ। ਮਾਤਾ ਸੁਲੱਖਣੀ ਜੀ ਦੇ ਕਹਿਣ ਤੇ ਗੁਰੂ ਨਾਨਕ ਦੇਵ ਜੀ ਨੇ ਕਿਹਾ, ਇਹ ਤਾਂ ਚਿੱਕੜ ਨਹੀਂ ਇਹ ਦਰਗਾਹ ਦਾ ਕੇਸਰ ਹੈ ਅਤੇ ਭਾਰ ਉਹੀ ਚੁਕਦਾ ਹੈ ਜੋ ਚੁੱਕਣਯੋਗ ਹੋਵੇ। ¨ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਵਿਚ ਸੱਤ ਸਾਲ ਗੁਜ਼ਾਰੇ। ਭਾਈ ਭਾਗੀਰਥ ਜੀ, ਭਾਈ ਬੁੱਢਾ ਜੀ ਅਤੇ ਭਾਈ ਸੁਧਰਾ ਜੀ ਗੁਰੂੰ ਨਾਨਕ ਦੇਵ ਜੀ ਦੇ ਦੋ ਸੇਵਕ ਸਨ ਉਨ੍ਹਾਂ ਨੇ ਭਾਈ ਲਹਿਣਾ ਜੀ ਵਾਂਗ ਗੁਰੂ ਸਾਹਿਬ ਦੀ ਖਿਦਮਤ ਕਰਨ ਦੀ ਠਾਣੀ ਪਰ ਉਹ ਤੋੜ ਨਾ ਨਿਭਾ ਸਕੇ। ਭਾਈ ਲਹਿਣਾ ਜੀ ਨੂੰ ਹਰੇਕ ਪਰੀਖਿਆ ਵਿਚੋਂ ਉਤੀਰਣ ਹੋਣ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਗ ਨਾਲ ਲਾਇਆ, ਪਿਆਰ ਕੀਤਾ ਅਤੇ ੩੫ ਸਾਲ ੨ ਮਹੀਨੇ ੧੨ ਦਿਨ ਦੀ ਉਮਰ ਵਿਚ ੧੩ ਹਾੜ੍ਹ ੧੫੯੬ ਬਿਕਰਮੀ ਮੁਤਾਬਕ ੧੪ ਜੂਨ ੧੫੩੯ ਈ. ਨੂੰ ਦਿਨ ਸਨਿਚਰਵਾਰ 'ਅੰਗਦ' ਦਾ ਨਾਮ ਦੇ ਕੇ ਗੁਰਗੱਦੀ ਦਾ ਵਾਰਸ ਬਣਾਇਆ। ਚੰਦਨ, ਚਾਵਲ, ਕੇਸਰ, ਨਾਰੀਅਲ ਅਤੇ ਪੰਜ ਪੈਸੇ ਭੇਟ ਕੀਤੇ। ਗੁਰੂ ਸਾਹਿਬ ਦੀ ਅਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਆਪ ਨੂੰ ਤਿਲਕ ਲਗਾਇਆ ਅਤੇ ਗੁਰੂ ਨਾਨਕ ਦੇਵ ਜੀ ਨੇ ਸਿੱਜਦਾ ਕੀਤਾ।

ਗੁਰਗੱਦੀ ਹਾਸਲ ਕਰਕੇ, ਗੁਰੂ ਅੰਗਦ ਨਾਮ ਧਰਾ ਕੇ ਆਪ ਖਡੂਰ ਸਾਹਿਬ ਆ ਗਏ ਅਤੇ ਪਿਛੋਂ ਚਾਰ ਪੰਜ ਮੀਲ ਦੀ ਦੂਰੀ ਤੇ 'ਖਹਿਰੇ' ਦੇ ਖੇਤ ਵਿਚ ਕੱਚੇ ਕੋਠੇ ਵਿਚ ਨਿਵਾਸ ਕੀਤਾ। 'ਖਹਿਰੇ' ਦੀ ਪਤਨੀ 'ਸਤ ਭਰਾਈ ਨੇ ਗੁਰੂ ਸਾਹਿਬ ਨੂੰ ਉਥੇ ਜਾਂਦਿਆਂ ਦੇਖਿਆ। ਗੁਰੂ ਨਾਨਕ ਦੇਵ ਜੀ ਵੀ ਕਦੇ ਕਦਾਈ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਸਾਹਿਬ ਆ ਜਾਇਆ ਕਰਦੇ ਸਨ। ਪ੍ਰੋ: ਪੂਰਨ ਸਿੰਘ ਨੇ ਆਪਣੀ ਪੁਸਤਕ The book of the Ten Master ਦੇ ਪੰਨਾਂ ੩੦ ਤੇ ਲਿਖਿਆ ਹੈ ਕਿ ਇਸ ਤਰ੍ਹਾਂ ਪੁਰਾਣੇ ਨਾਨਕ ਨਵੇਂ ਨਾਨਕ ਦੀ ਯਾਤਰਾ ਕਰਦੇ ਸਨ। "After this it was Nanak who would go occasionally to Khadur to see his Angad. A pilgrimage by the old Nanak to the new"

ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਤੇ ਬੈਠ ਕੇ ਆਪਣੇ ਤਪ ਸਦਕਾ ਲੋਕਾਂ ਤੇ ਵਿਲੱਖਣ ਪ੍ਰਭਾਵ ਪਾਇਆ। ਆਪ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਤਿਆਰ ਕਰਵਾਈ ਪਰ ਹੁਣ ਉਹ ਉਪਲੱਬਧ ਨਹੀਂ ਹੈ। ਗੁਰੂ ਸਾਹਿਬ ਨੇ ਲੰਗਰ ਦੀ ਪਰੰਪਰਾ ਨੂੰ ਅੱਗੇ ਤੋਰਿਆ ਅਤੇ ਮਾਤਾ ਖੀਵੀ ਜੀ ਨੇ ਇਸ ਵਿਚ ਆਪਣਾ ਯੋਗਦਾਨ ਪਾਇਆ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸ ਅੰਮ੍ਰਿਤੁ ਖੀਰਿ ਘਿਆਲੀ ॥

ਆਪ ਨੇ ਅਭਿਮਾਨੀ ਲੋਕਾਂ ਦਾ ਮਾਣ ਦੂਰ ਕੀਤਾ। ਤਪਾਸ਼ਿਵ ਨਾਥ ਜੋ ਲੋਕਾਂ ਨੂੰ ਆਪ ਵਿਰੁੱਧ ਭੜਕਾਉਂਦਾ ਸੀ ਨੂੰ ਆਪ ਨੇ ਚੰਗਾ ਮੰਦਾ ਨਹੀਂ ਕਿਹਾ ਸਗੋਂ ਆਪ ਨੇ ਖਡੂਰ ਸਾਹਿਬ ਪਿੰਡ 'ਖਾਨ ਰਜ਼ਾਦੇ' ਜਾ ਡੇਰਾ ਲਾਇਆ। ਤਪਾਸ਼ਿਵ ਨਾਥ ਕਿਸੇ ਕਰਾਮਾਤ ਨਾਲ ਬਾਰਸ਼ ਨਾ ਕਰਵਾ ਸਕਿਆ ਤਾਂ ਲੋਕਾਂ ਨੇ ਉਸ ਦਾ ਨਿਰਾਦਰ ਕੀਤਾ ਤੇ ਗੁਰੂ ਸਾਹਿਬ ਦਾ ਸਤਿਕਾਰ ਹੋਰ ਵੀ ਵੱਧ ਗਿਆ। ਹਮਾਯੂੰ ਦੀ ਆਖਰੀ ਲੜਾਈ ਸ਼ੇਰ ਸ਼ਾਹ ਸੂਰੀ ਨਾਲ 'ਕਨੌਜ' ਦੇ ਮੈਦਾਨ ਵਿਚ ਹੋਈ। ੧੭ ਮਈ ੧੫੪੦ ਈ: ਨੂੰ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਪੰਜਾਬ ਵਲ ਨੂੰ ਵਧਿਆ। ਉਸਨੇ ਗੁਰੂ ਅੰਗਦ ਦੇਵ ਜੀ ਕੋਲੋਂ ਅਸ਼ੀਰਵਾਦ ਲੈਣੀ ਚਾਹੀ। ਜਦ ਹਮਾਯੂੰ ਗੁਰੂ ਸਾਹਿਬ ਕੋਲ ਪਹੁੰਚਿਆ ਤਾਂ ਉਹ ਬੱਚਿਆਂ ਦੀਆਂ ਕੁਸ਼ਤੀਆਂ ਦੇਖਣ ਵਿਚ ਮਸਤ ਸਨ। ਉਨਾਂ ਨੇ ਹਮਾਯੂੰ ਵੱਲ ਧਿਆਨ ਨਾ ਦਿੱਤਾ। ਹਮਾਯੂੰ ਨੇ ਅਪਮਾਨ ਮਹਿਸੂਸ ਕੀਤਾ ਅਤੇ ਗੁਰੂ ਸਾਹਿਬ ਤੇ ਵਾਰ ਕਰਨ ਲਈ ਆਪਣੀ ਤਲਵਾਰ ਵੱਲ ਹੱਥ ਵਧਾਇਆ। "ਹਮਾਯੂੰ ਹੁਣ ਫਕੀਰਾਂ ਉਤੇ ਤਲਵਾਰ ਚੁੱਕਣੀ ਸ਼ੋਭਾ ਨਹੀਂ ਦੇਂਦੀ। ਆਪਣੇ ਤਖ਼ਤ ਨੂੰ ਪ੍ਰਾਪਤ ਕਰਨ ਤੋਂ ਪਹਿਲਾ, ਚੰਗਾ ਹੈ ਆਪਣੇ ਵਤਨ ਪਰਤ ਜਾਓ"। ਗੁਰੂ ਸਾਹਿਬ ਦੇ ਇਹ ਬਚਨ ਸੁਣਕੇ ਹਮਾਯੂੰ ਦਾ ਅਭਿਮਾਨ ਦੂਰ ਹੋਇਆ। ਉਹ ਗੁਰੂ ਸਾਹਿਬ ਅੱਗੇ ਸਿਰ ਝੁਕਾ ਕੇ ਸਿੰਧ ਵੱਲ ਚਲ ਪਿਆ।

ਪਿੰਡ ਹਰੀਕੇ ਦਾ ਚੌਧਰੀ ਬਖ਼ਤਾਵਰ ਮੱਲ ਗੁਰੂ ਸਾਹਿਬ ਨੂੰ ਮਿਲਣ ਆਇਆ ਉਨ੍ਹਾਂ ਦੇ ਮੰਜੇ ਤੇ ਸਿਰਾਹਣੇ ਵਾਲੇ ਪਾਸੇ ਬੈਠ ਗਿਆ। ਚੌਧਰੀ ਬਖਤਾਵਰ ਮੱਲ ਨੂੰ ਆਪਣੀ ਸਮਾਜਕ ਸ਼ੋਹਰਤ ਤੇ ਮਾਣ ਸੀ। ਗੁਰੂ ਸਾਹਿਬ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਸਮਾਜਿਕ ਰੁਤਬੇ ਥੁੜ੍ਹ ਚਿਰੇ ਹਨ, ਨਾਮ ਸਿਮਰਨ ਨੇ ਅੰਤ ਮਨੁੱਖ ਦਾ ਸਹਾਈ ਹੋਣਾ ਹੈ।

ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥
ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ ॥

ਆਪ ਨੂੰ ਖੇਡਾਂ ਵਿਚ ਵਿਸ਼ੇਸ਼ ਦਿਲਚਸਪੀ ਸੀ। ਆਪ ਬੱਚਿਆ ਦੀਆਂ ਕੁਸ਼ਤੀਆਂ ਕਰਵਾਉਂਦੇ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਇਨਾਮ ਵੰਡਦੇ। ਆਪ ਨੇ ਹੀ ਮੱਲ ਅਖਾੜੇ ਦੀ ਨੀਂਹ ਰੱਖੀ। ਕੀਰਤਨ ਪਰੰਪਰਾ ਨੂੰ ਅੱਗੇ ਤੋਰਨ ਲਈ ਆਪ ਨੇ ਭਾਈ ਮਰਦਾਨਾ ਦੇ ਦੋ ਸ਼ਗਿਰਦ ਸਾਦੂ ਤੇ ਬਾਦੂ ਨੂੰ ਕੀਰਤਨ ਕਰਨ ਲਈ ਪਰੇਰਿਆ। ਉਹ ਦੋਵੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਆਸਾ ਦੀ ਵਾਰ ਵਿਚ ਆਪ ਜੀ ਦੇ ੧੫ ਸਲੋਕ ਸ਼ਾਮਲ ਹਨ।

ਬੱਚਿਆਂ ਨੂੰ ਵਿਦਿਆ ਦੇਣ ਲਈ ਆਪ ਨੇ ਉਪਰਾਲੇ ਕੀਤੇ। ਆਪ ਨੇ ਪਾਠਸ਼ਾਲਾ ਦੀ ਸਥਾਪਨਾ ਕਰਕੇ ਸਿਖਿਆ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਆਪਣੇ ਬੋਧ ਵਿਚ ਵਾਧਾ ਕਰਨ ਲਈ ਅਵਸਰ ਦਿੱਤੇ। ਪੰਜਾਬੀ ਪਾਠਸ਼ਾਲਾ ਖੋਲ੍ਹਣ ਆਪ ਨੇ ਵਧੇਰੇ ਉਦੱਮ ਕੀਤਾ। ਸ. ਰਣਧੀਰ ਸਿੰਘ ਦੇ ਸ਼ਬਦਾਂ ਵਿਚ "He opened schools for instruction...Thus in

addition to the temple of bread and temple of song build by Guru Nanak, Angad. The Master gave a third tample of teaching".

ਗੁਰੂ ਅੰਗਦ ਦੇਵ ਜੀ ਦੀ ਵਿਲੱਖਣਤਾ ਇਸ ਕਰਕੇ ਵੀ ਹੈ ਕਿ ਆਪ ਨੇ ਉਸ ਸਮੇਂ ਬਾਲ ਬੋਧ ਤਿਆਰ ਕੀਤਾ। ਆਪ ਨੇ ਗੁਰਮੁੱਖੀ ਲਿੱਪੀ ਦੇ ਪਰਸਾਰ ਲਈ ਯੋਗ ਕਦਮ ਉਠਾਏ। ਗੁਰਮੁੱਖੀ ਲਿੱਪੀ ਦਾ ਨਿਕਾਸ ਬ੍ਰਹਮੀ ਲਿੱਪੀ ਚੋਂ ਬਹੁਤ ਦੇਰ ਪਹਿਲਾਂ ਹੋ ਚੁੱਕਾ ਸੀ ਪਰ ਗੁਰੂ ਅੰਗਦ ਦੇਵ ਜੀ ਨੇ ਇਸ ਦੇ ਵਿਸਥਾਰ ਲਈ ਕੋਸ਼ਿਸ਼ ਕੀਤੀ। ਆਪ ਨੇ ਗੁਰਮੁੱਖੀ ਲਿੱਪੀ ਵਿਚ ਬੱਚਿਆਂ ਲਈ ਕਈ ਮਾਟੋ ਤਿਆਰ ਕੀਤੇ। ਪ੍ਰਿੰਸੀਪਲ ਬੀਰ ਸਿੰਘ ਅਨੁਸਾਰ " Guru Angad, like Professor Hurbey did not connder beneath his dignity to write primers for children and accordingly be composed a number of Mottos and moral maxims which accompany the letters of the alphabet.

ਆਪ ੧੨ ਸਾਲ ੯ ਮੀਹਨੇ ੧੭ ਦਿਨ ਗੁਰਿਆਈ ਪਦ ਤੇ ਰਹਿਕੇ, ੪੭ ਸਾਲ ੧੧ ਮਹੀਨੇ ੨੯ ਦਿਨ ਦੀ ਆਯੂ ਭੋਗ ਕੇ ੩ ਵੈਸਾਖ, ੧੬੦੯ ਬਿਕਰਮੀ ਮੁਤਾਬਕ ੧ ਅਪ੍ਰੈਲ ੧੫੫੨ ਈ: ਦਿਨ ਮੰਗਲਵਾਰ ਨੂੰ ਸਰੀਰ ਰੂਪੀ ਚੋਲਾ ਛੱਡ ਗਏ।

ਗੁਰੂ ਅੰਗਦ ਦੇਵ ਜੀ ਦੀ ਰਚਨਾ ਅਕਾਰ ਪੱਖੋਂ ਵਧੇਰੇ ਨਹੀਂ ਹੈ। ਆਪ ਨੇ ਕੁਝ ਸਲੋਕ ਹੀ ਲਿਖੇ ਹਨ । ਇਨ੍ਹਾਂ ਸਲੋਕਾਂ ਦੀ ਗਿਣਤੀ ਵਿਭਿੰਨ ਲੇਖਕਾਂ ਅਨੁਸਾਰ ਵੱਖ -ਵੱਖ ਹੈ। ਡਾ. ਤਾਰਨ ਸਿੰਘ ਨੇ ਇਨ੍ਹਾਂ ਦੀ ਗਿਣਤੀ ੬੨ ਦੱਸੀ ਹੈ। ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਪੁਸਤਕ ਦੇ ਲੇਖਕਾਂ ਨੇ ੬੦ ਸਲੋਕ ਦਰਸਾਏ ਹਨ। ਸਾਡੇ ਖਿਆਲ ਮੁਤਾਬਕ ਗੁਰੂ ਅੰਗਦ ਦੇਵ ਜੀ ਨੇ ੬੩ ਸਲੋਕ ਰਚੇ ਜੋ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵੱਖ-ਵੱਖ ਵਾਰਾਂ ਵਿਚ ਦਰਜ ਹਨ। ਇਨ੍ਹਾਂ ਦੀ ਸਾਰਨੀ ਨਿਮਨ ਹੈ:-

| | |
|---|---|
| ਸਿਰੀ ਰਾਗ ਕੀ ਵਾਰ | ੨ ਸਲੋਕ |
| ਰਾਗ ਮਾਝ ਕੀ ਵਾਰ | ੧੨ ਸਲੋਕ |
| ਆਸਾ ਕੀ ਵਾਰ | ੧੫ ਸਲੋਕ |
| ਸੋਰਠਿ ਕੀ ਵਾਰ | ੦੧ ਸਲੋਕ |
| ਸੂਹੀ ਕੀ ਵਾਰ | ੧੧ ਸਲੋਕ |
| ਰਾਮਕਲੀ ਕੀ ਵਾਰ | ੦੭ ਸਲੋਕ |
| ਮਾਰੂ ਕੀ ਵਾਰ | ੦੧ ਸਲੋਕ |
| ਸਾਰੰਗ ਕੀ ਵਾਰ | ੦੯ ਸਲੋਕ |
| ਮਲਾਰ ਕੀ ਵਾਰ | ੦੫ ਸਲੋਕ |
| ਕੁਲ ਜੋੜ | ੬੩ ਸਲੋਕ |

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਸਭ ਗੁਰੂ ਸਾਹਿਬਾਨ ਨਾਲੋਂ ਗੁਰੂ ਅੰਗਦ ਦੇਵ ਜੀ ਦੀ ਰਚਨਾ ਘੱਟ ਹੈ। ਆਪ ਦੀ ਰਚਨਾ ਅਧਿਆਤਮਵਾਦੀ ਹੈ। ਆਪ ਨੇ ਆਪਣੀ ਰਚਨਾ ਦੁਆਰਾ ਮਾਨਵ ਨੂੰ ਪ੍ਰਭੂ-ਭਗਤੀ ਵਿਚ ਲੀਨ ਰਹਿਣ ਲਈ ਪ੍ਰੇਰਿਆ ਹੈ। ਆਪ ਨੇ ਮਨੁੱਖ ਨੂੰ ਗੁਰੂ ਵਿਚ ਵਿਸ਼ਵਾਸ ਰੱਖਕੇ ਸਭ ਕਾਰਜ ਕਰਨ ਲਈ ਉਪਦੇਸ਼ ਦਿੱਤਾ ਹੈ। ਗੁਰੂ ਵਗੈਰ ਜੀਵ ਨੂੰ ਗਿਆਨ ਨਹੀਂ ਹੋ ਸਕਦਾ। ਗੁਰੂ ਦੀ ਮਹਾਨਤਾ ਗੁਰੂ ਸਾਹਿਬ ਦੇ ਨਿਮਨ-ਲਿਖਿਤ ਸ਼ਲੋਕਾਂ ਵਿਚੋ ਦ੍ਰਿਸ਼ਮਾਨ ਹੈ।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ
ਤਾਕੁ ਨ ਉਘੜੈ ਅਵਰ ਨਾ ਕੁੰਜੀ ਹਥਿ ॥

ਗੁਰੂ ਅੰਗਦ ਦੇਵ ਜੀ ਨੇ ਮਨੁੱਖ ਨੂੰ ਸਵੈ-ਪੜਚੋਲ ਕਰਨ ਦਾ ਆਦੇਸ਼ ਦਿਤਾ ਹੈ, ਨਾਮ ਦੀ ਮਹਿਮਾ ਦਰਸਾਈ ਹੈ ਅਤੇ ਗੁਰੂ ਭਗਤੀ ਕਰਨ ਲਈ ਕਿਹਾ ਹੈ। ਗੁਰੂ ਸਾਹਿਬ ਅਨੁਸਾਰ ਉਹ ਲੋਕ ਅੰਨ੍ਹੇ ਨਹੀਂ ਹਨ ਜੋ ਪ੍ਰਭੂ ਦੇ ਹੁਕਮ ਕਾਰਨ ਅੰਨ੍ਹੇ ਹਨ। ਅੰਨ੍ਹੇ ਤਾਂ ਉਹ ਹਨ ਜੋ ਉਸ ਦੇ ਹੁਕਮ ਨੂੰ ਨਹੀਂ ਬੁੱਝ ਸਕਦੇ। ਸੱਚਾ ਚਾਕਰ ਉਹ ਨਹੀਂ ਜੋ ਆਪਣੇ ਮੁਰਸ਼ਦ ਨਾਲ ਗੱਲਾਂ ਕਰਕੇ ਉਸ ਨੂੰ ਭਰਮਾਉਣ ਦੇ ਪ੍ਰਜਤਨ ਵਿੱਚ ਹੈ । ਸੱਚਾ ਸੇਵਕ ਉਹ ਹੈ ਜੋ ਆਪਣਾ ਆਪ ਗਵਾ ਬੈਠਦਾ ਹੈ ਤੇ ਫਿਰ ਮਾਲਕ ਦੀ ਸੇਵਾ ਕਰਦਾ ਹੈ। ਅਜਿਹਾ ਚਾਕਰ ਹੀ ਆਪਣੇ ਸ਼ਹੁ ਨੂੰ ਪਰਵਾਨ ਹੁੰਦਾ ਹੈ ਗੁਰੂ ਸਾਹਿਬ ਨੇ ਹੁਕਮ ਦੀ ਪਹਿਚਾਣ ਤੇ ਵਧੇਰੇ ਬਲ ਦਿਤਾ ਹੈ :-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥

ਇਹ ਸੰਸਾਰ ਫ਼ਾਨੀ ਹੈ ਦੁਨੀਆਵੀ ਵਸਤਾਂ ਨਾਲ ਪਿਆਰ ਕੂੜਾ ਹੈ।ਗੁਰੂ ਅੰਗਦ ਦੇਵ ਜੀ ਨੇ ਉਨਾਂ ਵਸਤਾਂ ਦੇ ਵਿਸਥਾਰ ਤੋਂ ਰੋਕਿਆ ਹੈ ਜਿਨ੍ਹਾਂ ਨੇ ਮਨੁੱਖਾ ਸਾਥ ਨਹੀਂ ਦੇਣਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਵਸਤਾਂ ਦੇ ਸਹਾਰੇ ਮਨੁੱਖ ਕਾਜ ਸਵਾਰ ਸਕਦਾ ਹੈ। ਪਰ ਉਸ ਦੀ ਚਿਰਸਥਾਈ ਮਹੱਤਤਾ ਨਹੀ। ਗੁਰੂ ਸਾਹਿਬ ਨੇ ਮਾਨਵ ਨੂੰ ਨਿਮਰ ਰਹਿ ਕੇ ਜੀਵਨ ਬਸਰ ਕਰਨ ਦਾ ਉਪਦੇਸ਼ ਦਿੱਤਾ ਹੈ। ਹਰ ਪ੍ਰਾਣੀ ਉਸ ਪ੍ਰਮਾਤਮਾ ਕੋਲੋਂ ਪਿਆਰ ਰੂਪੀ ਦਾਤ ਪ੍ਰਾਪਤ ਕਰਦਾ ਹੈ।

ਅਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕ ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥
ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥

ਗੁਰੂ ਸਾਹਿਬ ਨੇ ਆਪਣੀ ਰਚਨਾ ਵਿਚ ਪ੍ਰਮਾਤਮਾ ਨੂੰ ਸਰਵ- ਉਚ ਰੁਤਬਾ ਦਿੱਤਾ ਹੈ। ਜੀਵ ਆਪਣੀ ਪੀੜਾ ਦੂਰ ਕਰਨ ਲਈ ਉਸ ਅੱਗੇ ਅਰਜੋਈ ਕਰ ਸਕਦਾ ਹੈ। ਉਹ ਹੀ ਉਸ ਦੇ ਦੁੱਖ ਦੀ ਨਵਿਰਤੀ ਕਰਨ ਸਮਰਥ ਹੈ। ਉਹ ਬਲਵਾਨ ਜੁ ਹੋਇਆ। ਗੁਰੂ ਸਾਹਿਬ ਦਾ ਕਥਨ ਹੈ :-

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥

ਅੰਦਰੂਨੀ ਤੌਰ ਤੇ ਉਹ ਪ੍ਰਾਣੀ ਖੁਸ਼ ਹੁੰਦਾ ਹੈ ਜਿਸ ਨੂੰ ਪ੍ਰਭੂ ਦਾ ਵਸਲ ਹੋ ਚੁੱਕਾ ਹੋਵੇ। ਉਸ ਲਈ ਦੁਨਿਆਵੀ ਖੁਸ਼ੀਆਂ ਕੋਈ ਮਹਾਨਤਾ ਨਹੀਂ ਰੱਖਦੀਆਂ। ਆਪਣੇ ਤਜ਼ਰਬਿਆਂ ਦੇ ਆਧਾਰ ਤੇ ਉਹ ਹੋਰਨਾਂ ਨੂੰ ਵੀ ਪ੍ਰਭੂ ਮਿਲਾਪ ਲਈ ਪ੍ਰੇਰਦਾ ਹੈ। ਗੁਰੂ ਸਾਹਿਬ ਦਾ ਮੱਤ ਹੈ ਕਿ ਜਿਸ ਜੀਵ-ਇਸਤਰੀ ਦੀ ਆਪਣੇ ਮਾਲਕ ਨਾਲ ਪਿਰਹੜੀ ਹੈ ਉਹ ਸਬਰ, ਸੰਤੋਖ ਵਿਚ ਵਿਚਰਦੀ ਹੈ। ਅਜਿਹੀਆਂ ਜੀਵ-ਇਸਤਰੀਆਂ ਦੇ ਘਰਾਂ ਵਿੱਚ ਅਸਲ ਬਸੰਤ ਹੁੰਦੀ ਹੈ। ਜਿਨ੍ਹਾਂ ਦਾ ਸਾਹਿਬ ਦੂਰੇਡਾ ਹੈ ਉਹ ਇਸ ਦਿਨ ਹਿਜ਼ਰ ਦੀ ਅੱਗ ਵਿਚ ਤੜਫਦੀਆਂ ਹਨ। ਸਾਵਣ ਦਾ ਅਨੰਦ ਮਾਨਣਾ ਵੀ ਉਨ੍ਹਾਂ ਲਈ ਔਖਾ ਹੁੰਦਾ ਹੈ। ਗੁਰੂ ਸਾਹਿਬ ਦਾ ਫਰਮਾਨ ਹੈ :

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ ॥

ਗੁਰੂ ਸਾਹਿਬ ਦੀ ਰਚਨਾ ਵਿਚ ਕਈ ਥਾਵਾਂ ਤੇ ਵਿਅੰਗ ਵੀ ਮਿਲਦਾ ਹੈ। ਵਿਅੰਗ ਕਰਨ ਦਾ ਅੰਦਾਜ਼ ਉਨ੍ਹਾਂ ਦਾ ਨਿਵੇਕਲਾ ਹੈ ਇਕ ਉਦਾਹਰਣ ਦੇਖੋ :

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਆਣਿ ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥

ਗੁਰੂ ਅੰਗਦ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਆਧਾਰ 'ਸਲੋਕ ਹੀ ਬਣਾਇਆ ਹੈ। ਠੇਠ ਅਤੇ ਸਰਲ ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਪ੍ਰਭਾਵ ਨੂੰ ਤੀਬਰ ਕਰਦੀ ਹੈ। ਮੁਹਾਵਰੇਦਾਰ ਬੋਲੀ ਰਚਨਾ ਨੂੰ ਰੋਚਕ ਬਨਾਉਣ ਵਿਚ ਸਹਾਈ ਹੈ। ਆਮ ਵਰਤੋਂ ਵਿਚ ਆਉਣ ਵਾਲੇ ਉਰਦੂ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਕੁਝ ਸਲੋਕ ਤੇ ਹਿੰਦੀ ਢੰਗ ਨਾਲ ਸ਼ਬਦੀ ਜਾਮੇ ਰਾਂਹੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਲੋਕ ਪ੍ਰਿਯ ਕਰਨ ਦਾ ਪ੍ਰਯਾਸ ਕੀਤਾ। ਆਪ ਨੇ ਸਰਲ ਸ਼ਬਦਾਂ ਦੁਆਰਾ ਡੂੰਘਾ ਫ਼ਲਸਫਾ ਵੀ ਦਿੱਤਾ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਪ੍ਰਾਪਤ ਕਰਨ ਉਪਰੰਤ 'ਸਲੋਕ' ਸਿਰਜਣਾ ਕੀਤੀ। ੧੨ ਸਾਲਾਂ ਦੇ ਅਲਪ ਸਮੇਂ ਵਿਚ ਵਧੇਰੇ ਰਚਨਾ ਤਾਂ ਨਾ ਕਰ ਸਕੇ ਪਰ ਆਪ ਨੇ ਜਿੰਨਾ ਵੀ ਲਿਖਿਆ ਭਾਵ ਭੂਰਤ ਪ੍ਰਭਾਵਮਈ ਹੈ, ਉਪਦੇਸ਼ਮਈ ਹੈ, ਪਾਠਕ/ਸਰੋਤੇ ਨੂੰ ਸਹਿਜ ਸਮਝ ਆਉਣ ਵਾਲਾ ਹੈ ਤੇ ਉਸ ਤੇ ਚਿਰਕਾਲ ਅਸਰ ਰੱਖਣ ਵਾਲਾ ਹੈ। ਅਜੋਕੇ ਸਮੇਂ ਵਿਚ ਲੋੜ ਹੈ ਕਿ ਮਨੁੱਖ ਗੁਰੂ ਅੰਗਦ ਦੇਵ ਜੀ ਦੀ ਰਚਨਾ ਨੂੰ ਆਪਣੇ ਅਸਲੀ ਜੀਵਨ ਵਿਚ ਆਧਾਰ ਬਣਾਏ ਅਤੇ ਇਸ ਤੋਂ ਅਮਲ ਕਰਕੇ ਆਪਣਾ ਜੀਵਨ ਖੁਸ਼ ਤੇ ਸੁੱਖੀ ਬਿਤਾਏ ।

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

ਪਿਆਰੇ ਪਾਠਕੋ ! ਆਪ ਜੀ ਵਲੋਂ 'ਸੇਵਾ ਜੋਤੀ' ਪਰਚੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ । ਜਿਸ ਨਾਲ ਪਰਚੇ ਦੀ ਛਪਣ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ । ਆਪ ਜੀ ਨੂੰ ਬੇਨਤੀ ਹੈ ਕਿ 'ਸੇਵਾ ਜੋਤੀ' ਪਰਚਾ ਮੰਗਵਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਤੁਹਾਡਾ ਹਰਮਨ ਪਿਆਰਾ 'ਸੇਵਾ ਜੋਤੀ' ਪਰਚਾ ਤੁਹਾਡੇ ਤੱਕ ਪਹੁੰਚਾਉਣ ਵਿੱਚ ਕੋਈ ਦਿੱਕਤ ਨਾ ਆਵੇ ।

1. ਨਵਾਂ ਪਤਾ **(address)** ਦੇਣ ਸਮੇਂ (ਮਕਾਨ ਨੰ:, ਗਲੀ ਨੰ:,ਮੁਹੱਲਾ, ਤਹਿਸੀਲ, ਵਾਇਆ, ਪਿੰਨ-ਕੋਡ ਵਗੈਰਾ ) ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਜੋ ਅਧੂਰੇ ਪਤੇ ਕਾਰਨ 'ਸੇਵਾ ਜੋਤੀ' ਪਰਚਾ ਵਾਪਸ**(undelivered)** ਨਾ ਹੋਵੇ ।
2. ਆਪਣਾ ਨਵਾਂ ਪਤਾ**(address)** ਅੰਗਰੇਜ਼ੀ ਦੇ ਵੱਡੇ ਅਖੱਰਾਂ **(capital letters)** ਵਿੱਚ ਸਾਫ਼ ਤੇ ਸਪੱਸ਼ਟ ਲਿਖ ਕੇ ਭੇਜਿਆ ਜਾਵੇ ।
3. ਨਵੇਂ ਪਤੇ**(address)** ਲਿਖਾਵਾਉਣ ਜਾਂ ਪੁਰਾਣੇ ਪਤੇ ਖ਼ਾਰਜ**(cancel)** ਕਰਾਉਣ ਲਈ 'ਸੇਵਾ ਜੋਤੀ' ਦਫ਼ਤਰ ਵਿਖੇ ਚਿੱਠੀ-ਪੱਤਰ ਰਾਹੀ ਜਾਂ ਖੁਦ ਸੰਪਰਕ ਕੀਤਾ ਜਾਵੇ ।

ਨੋਟ : ਜੇਕਰ ਕਿਸੇ ਵੀ ਪਾਠਕ ਨੂੰ ਭਾਈ ਘਨੱਈਆ 'ਸੇਵਾ ਜੋਤੀ' ਪਰਚਾ 13 ਤਾਰੀਖ਼ ਤੱਕ ਨਾ ਮਿਲੇ ਤਾਂ ਉਹ ਚਿੱਠੀ-ਪੱਤਰ ਲਿਖ ਕੇ ਦੁਬਾਰਾ ਮੰਗਵਾ ਸਕਦਾ ਹੈ। ਜੇਕਰ ਉਸ ਨੂੰ ਇੱਕ ਤੋਂ ਵੱਧ ਪਰਚੇ ਪਹੁੰਚਦੇ ਹੋਣ ਤਾਂ ਵੀ ਉਹ ਚਿੱਠੀ-ਪੱਤਰ ਰਾਹੀਂ ਦੱਸਣ ਦੀ ਕਿਰਪਾ ਕਰੇ।

ਸਹਾਇਕ ਸੰਪਾਦਕ

# ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਸਾਜਨਾ ਸੰਕਲਪ

✍ ਡਾ ਮਦਨ ਲਾਲ ਹਸੀਜਾ

ਗੁਰੂ ਕਾਲ ਦੌਰਾਨ ਬਾਬਰ ਤੂੰ ਲੈ ਕੇ ਔਰਗਜ਼ੇਬ ਤੱਕ ਦੇ ਹਾਕਮ ਤਖ਼ਤ ਤੇ ਬੈਠੇ ਸਨ। ਇਸ ਸਮੇਂ ਦਾ ਭਾਰਤੀ ਸਮਾਜ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪਤਨ ਵੱਲ ਅੱਗੇ ਵਧ ਰਿਹਾ ਸੀ। ਔਰੰਗਜ਼ੇਬ ਨੇ ਤਾਂ ਜ਼ਾਲਮਾਨਾ ਹਰਕਤਾਂ ਦੇ ਸਾਰੇ ਹੱਦਾਂ ਬੰਨੇ ਤੋੜ ਦਿੱਤੇ। ਉਸਨੇ ਆਪਣੇ ਨਵਾਬਾ, ਦੀਵਾਨਾਂ, ਵਜ਼ੀਰਾਂ, ਜਗੀਰਦਾਰਾਂ ਆਦਿ ਰਾਹੀਂ ਗਰੀਬ ਕਿਸਾਨਾਂ, ਮਜਦੂਰਾਂ ਅਤੇ ਆਮ ਜਨਤਾ ਦਾ ਸੋਸ਼ਣ ਕਰਵਾਇਆ। ਉਸ ਨੇ ਤਖ਼ਤ ਤੇ ਬੈਠਣ ਲਈ ਆਪਣੇ ਭਰਾ, ਜੋ ਤਖ਼ਤ ਦਾ ਅਸਲੀ ਵਾਰਸ ਸੀ ਨੂੰ ਮਰਵਾ-ਕੇ ਗੱਦੀ ਸੰਭਾਲੀ ਸੀ। ਦਾਰਾ ਸ਼ਿਕੋਹ ਧਾਰਮਿਕ ਸਹਿਨਸ਼ੀਲਤਾ ਦਾ ਮੁੱਦਈ ਸੀ, ਜਿਸ ਕਰਕੇ ਉਹ ਲੋਕਾਂ ਵਿਚ ਕਾਫ਼ੀ ਹਰਮਨ ਪਿਆਰਾ ਸੀ। ਔਰੰਗਜ਼ੇਬ ਫਿਰਕੂ ਸੋਚ ਦਾ ਧਾਰਨੀ ਸੀ। ਉਸ ਨੇ ਫਿਰਕੂ ਸੋਚ ਵਾਲੇ ਲੋਕਾਂ ਨੂੰ ਆਪਣੇ ਨਾਲ ਮਿਲਾ ਲਿਆ ਤੇ ਲੋਕਾਂ ਨੂੰ ਧਰਮ ਦੇ ਕਲਿਆਣਕਾਰੀ ਅਰਥਾਂ ਨੂੰ ਤਿਲਾਂਜਲੀ ਦੇ ਕੇ ਭੋਲੀ -ਭਾਲੀ ਜਨਤਾ ਨੂੰ ਗੁਮਰਾਹ ਕਰਕੇ ਸੱਚੇ ਸੁੱਚੇ ਇਸਲਾਮੀ ਰਾਜ ਦਾ ਝਾਂਸਾ ਦਿੰਦਾ ਰਿਹਾ। ਇਸ ਸੋਚ ਦੇ ਪਿਛੇ ਗੈਰ ਮੁਸਲਿਮਾਂ ਲਈ ਜ਼ਾਲਮਾਨਾ ਨੀਤੀਆਂ ਕੰਮ ਕਰ ਰਹੀਆ ਸਨ। ਇਸ ਕਾਰਨ ਅਕਬਰ ਦੇ ਸਮੇਂ ਤੋਂ ਚਲੀਆਂ ਆ ਰਹੀਆਂ ਨੀਤੀਆਂ ਨੂੰ ਬਦਲ ਕੇ ਗੈਰ ਮੁਸਲਿਮਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਸੁਖੀ ਜੀਵਨ ਜਿਉਣ ਲਈ ਮੁਸਲਮਾਨ ਬਣ ਜਾਣ ਨਹੀਂ ਤਾਂ ਉਨ੍ਹਾਂ ਨੂੰ ਮੌਤ ਦਾ ਸ਼ਿਕਾਰ ਹੋਣਾ ਪਵੇਗਾ। ਜਿੱਥੇ ਸਮਰਾਟ ਅਕਬਰ ਨੇ ਹਿੰਦੂ ਬਹੁ-ਗਿਣਤੀ ਨਾਲ ਸਾਂਝ ਪਾ ਕੇ ਰਾਜ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕੀਤੀ, ਉਥੇ ਜਹਾਂਗੀਰ ਤੋਂ ਲੈ ਕੇ ਔਰੰਗਜ਼ੇਬ ਤੱਕ ਨੇ ਗੈਰ ਮੁਸਲਿਮਾਂ ਪ੍ਰਤੀ ਜਬਰ ਦੀ ਨੀਤੀ ਹੀ ਅਪਨਾਈ ਗਈ।

ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਤੇ ਸਤੀ ਦਾਸ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ। ਇਹ ਸਾਰਾ ਕੁਝ ਦਸਮ ਪਾਤਸ਼ਾਹ ਜੀ ਦੀ ਸਹਿਨਸ਼ਕਤੀ ਤੋਂ ਬਾਹਰ ਸੀ। ਇਸ ਅਨਿਆਂ ਦੀ ਹਨੇਰੀ ਨੇ ਹੀ ਮੁਗਲ ਸ਼ਾਸਨ ਦੇ ਨਾਸ ਦਾ ਮੁੱਢ ਬੰਨ੍ਹਿਆ। ਗੁਰੂ ਸਾਹਿਬ ਨੇ ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾਉ ਣ ਲਈ ਆਪਣੇ ਪਟਨਾ ਸਾਹਿਬ ਦੇ ਨਿਵਾਸ ਸਮੇਂ ਬੀਰ ਰਸੀ ਸਾਹਿਤ ਦੀ ਸਿਰਜਨਾ ਕੀਤੀ ਅਤੇ ਆਪਣੇ ਸਿੱਖਾਂ ਨੂੰ ਭਗਤੀ ਦੇ ਨਾਲ ਨਾਲ ਸ਼ਕਤੀ ਦਾ ਪਾਠ ਵੀ ਪੜ੍ਹਾਇਆ। ਪਹਾੜੀ ਰਾਜਿਆਂ ਨਾਲ ਹੋਈਆਂ ਲੜਾਈਆ ਨੇ ਵੀ ਗੁਰੂ ਸਾਹਿਬ ਨੂੰ ਸਿੱਖਾਂ ਨੂੰ ਅਣਖੀ ਤੇ ਜੰਗਜੂ ਯੋਧੇ ਬਨਾਉਣ ਲਈ ਮਜ਼ਬੂਰ ਕੀਤਾ ਤਾਂ ਜੋ ਉਹ ਆਪਣੇ ਬਾਹੂ ਬਲ ਨਾਲ ਸਮਾਜ ਵਿਚ **ਜੀਓ ਤੇ ਜੀਣ ਦਿਓ** ਦੀ ਪਰੰਪਰਾ ਨੂੰ ਦ੍ਰਿੜ ਕਰ ਸਕਣ।

ਦੂਜੇ ਪਾਸੇ ਹਿੰਦੂ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ। ਇਸ ਵੰਡ ਦਾ ਲਾਭ ਆਮ ਤੌਰ ਤੇ ਹਮਲਾਵਰ ਜਾਂ ਸ਼ਾਸਕ ਜਾਤ-ਪਾਤ ਦੇ ਸਾਰੇ ਵਿਤਕਰੇ ਸਮਾਪਤ ਕਰਕੇ ਇਸ ਸਾਰੀ ਜਨ ਸ਼ਕਤੀ ਨੂੰ ਦੇਸ਼ ਦੀ ਆਜ਼ਾਦੀ ਅਤੇ ਸਮਾਜ ਦੀ ਸੁਰੱਖਿਆ ਲਈ ਵਰਤਣਾ ਚਾਹੁੰਦੇ ਸਨ। ਵਰਣ ਵਿਵਸਥਾ ਹਿੰਦੂ ਸਮਾਜ ਨੂੰ ਕਮਜ਼ੋਰ ਕਰਦੀ ਜਾ ਰਹੀ ਸੀ। ਗੁਰੂ ਸਾਹਿਬ ਇਕ ਪਰਮਾਤਮਾ ਨੂੰ ਮੰਨਦੇ ਸਨ। ਉਹ ਆਪਣੇ ਸਿੱਖਾਂ ਨੂੰ ਇਕ ਵੱਖਰੀ ਸ਼ਨਾਖ਼ਤ ਦੇਣੀ ਚਾਹੁੰਦੇ ਸਨ ਤਾਂ ਜੋ ਉਨ੍ਹਾਂ ਦੀ ਆਸਤਕ

ਫੌਜ ਨੂੰ ਕੋਈ ਵਿਦੇਸ਼ੀ ਹਮਲਾਵਰ ਜਾਂ ਸ਼ਾਸਕ ਨਾਸਤਕ ਜਾਂ ਕਾਫ਼ਰ ਨਾ ਕਹਿ ਸਕੇ। ਹਾਕਮ ਜਮਾਤ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਲਗਭਗ ਦੋ ਸਦੀਆਂ ਦੇ ਨਿਰੰਤਰ ਸੰਘਰਸ਼ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੇ ਮਨੁੱਖ ਦੀ ਸਿਰਜਨਾ ਦਾ ਸੰਕਲਪ ਲਿਆ ਜਿਹੜਾ ਰੱਬੀ ਏਕਤਾ ਦੇ ਨਾਲ-ਨਾਲ ਮੂਲ ਮਨੁੱਖੀ ਗੁਣਾਂ ਨਾਲ ਭਰਪੂਰ ਹੋਵੇ ਅਤੇ ਜਿਹੜਾ ਖ਼ਾਲਸਾ ਪੰਥ ਦੇ ਰੂਪ ਵਿਚ ਹਮੇਸ਼ਾ ਚੜ੍ਹਦੀਕਲਾ ਵਿਚ ਰਹਿ ਕੇ ਸਮੁੱਚੇ ਸਮਾਜ ਵਿਚ ਵਿਚਰੇ। ਸੱਚੇ ਸਿੱਖਾਂ ਨੂੰ ਇਕ ਸਿੰਘ ਦਾ ਰੂਪ ਪ੍ਰਦਾਨ ਕਰਨ ਦਾ ਨਿਸਚਾ ਕੀਤਾ ਤਾਂ ਜੋ ਸੰਕਟ ਦੀ ਘੜੀ ਇਹ ਸਿੰਘ ਤਨੋ-ਮਨੋ ਪੂਰੀ ਵਫ਼ਾਦਾਰੀ ਨਾਲ ਦੇਸ਼, ਸਮਾਜ ਤੇ ਕੌਮ ਦੀ ਸੇਵਾ ਕਰ ਸਕਣ। ਗੁਰੂ ਸਾਹਿਬ ਨੇ ਇਨ੍ਹਾਂ ਸਿੰਘਾਂ ਨੂੰ ਅਜਿਹੇ ਪੰਜ ਕਕਾਰਾਂ ਨਾਲ ਸਿੰਘਾਂ ਨੂੰ ਸਸ਼ੋਭਿਤ ਕਰਨਾ ਚਾਹਿਆ ਜਿਹੜੇ ਖੁਦ ਬੀਰਤਾ ਦੇ ਚਿੰਨ੍ਹ ਸਨ ਅਤੇ ਜਿਨ੍ਹਾਂ ਨੂੰ ਧਾਰਨ ਕਰਨ ਵਾਲਾ ਆਪਣੀ ਵਫ਼ਾਦਾਰੀ ਨਹੀਂ ਸੀ ਬਦਲ ਸਕਦਾ। ਗੁਰੂ ਗੋਬਿੰਦ ਸਿੰਘ ਜੀ ਮਹਾਨ ਗੁਰੂ, ਮਹਾਨ ਕਵੀ, ਮਹਾਨ ਦਰਸ਼ਨਵੇਤਾ, ਮਹਾਨ ਸਮਾਜ ਸੁਧਾਰਕ ਸਨ। ਆਪ ਦੇਗ਼ ਤੇਗ਼ ਦੇ ਧਨੀ ਸਨ, ਜਿਨ੍ਹਾਂ ਨੇ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜਣਾ ਦਾ ਇਕ ਮਹਾਨ ਅਤੇ ਇਤਿਹਾਸਕ ਕਾਰਜ ਸੰਪੂਰਨ ਕੀਤਾ, ਜਿਸ ਦੀ ਉਦਾਹਰਣ ਸਮੁੱਚੇ ਵਿਸ਼ਵ ਵਿਚ ਵੇਖਣ ਨੂੰ ਨਹੀਂ ਮਿਲਦੀ। ਖ਼ਾਲਸਾ ਸਾਜਨਾ ਵਾਸਤਵ ਵਿਚ ਇਕ ਗੈਰ ਮਾਮੂਲੀ ਘਟਨਾ ਨਹੀਂ ਸੀ। ਸਗੋਂ ਇਕ ਮਹਾਨ ਇਤਿਹਾਸਕ ਘਟਨਾ ਸੀ, ਜਿਸ ਨੇ ਇਕ ਨਵੇਂ ਸਮਾਜ ਦੀ ਸਿਰਜਣਾ ਕੀਤੀ। ਇਸ ਸੰਕਲਪ ਦੀ ਨੀਂਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ **'ਵੇਈ ਨਦੀ ਪ੍ਰਵੇਸ਼'** ਸਮੇਂ ਰੱਖੀ ਗਈ ਜਿਸ ਵਿਚ ਗੁਰੂ ਸਾਹਿਬ ਨੇ 'ਨਾ ਕੋ ਹਿੰਦੂ ਨਾ ਮੁਸਲਮਾਨ'' ਕਹਿ ਕੇ ਸਭ ਨੂੰ ਸਮਾਨਤਾ ਦਾ ਸੰਦੇਸ਼ ਦਿੱਤਾ ਸੀ। ਸਰਬੱਤ ਦੇ ਭਲੇ ਦੀ ਗੱਲ ਕੀਤੀ ਸੀ। ਸਰਬ-ਸਾਂਝੀਵਾਲਤਾ, ਬਰਾਬਰਤਾ ਦਾ ਅਮਰ ਸ਼ੰਦੇਸ਼ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਰੱਬੀ ਏਕਤਾ, ਮਨੁੱਖੀ ਏਕਤਾ, ਆਪਸੀ ਭਾਈਚਾਰੇ ਅਤੇ ਉਸ ਇਕੋ ਪਰਮਾਤਮਾ ਦੀ ਸਭ ਵਿਚ ਜੋਤਿ ਹੋਣ ਜਿਨ੍ਹਾਂ ਸਿੱਧਾਤਾਂ ਦਾ ਸੰਦੇਸ਼ ਦਿੱਤਾ ਸੀ ਸਾਹਿਬ ਸ੍ਰੀ ਕਲਗ਼ੀਧਰ ਪਾਤਸ਼ਾਹ ਨੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਕਹਿ ਕੇ ਉਨ੍ਹਾਂ ਸਿਧਾਤਾਂ ਨੂੰ ਹੀ ਵਿਸ਼ਵ ਸਾਹਮਣੇ ਪ੍ਰਤੱਖ ਰੂਪ ਵਿਚ ਸੰਪੂਰਣ ਕੀਤਾ। ਇਤਿਹਾਸ ਗਵਾਹ ਹੈ ਕਿ ਆਨੰਦਪੁਰ ਸਾਹਿਬ ਵਿਖੇ ੧੬੯੯ ਈ: ਨੂੰ ਪਾਵਨ ਵਿਸਾਖੀ ਵਾਲੇ ਦਿਹਾੜੇ ਤੇ ਵੱਡੀ ਗਿਣਤੀ ਸੰਗਤਾਂ ਦੂਰੋਂ-ਦੂਰੋਂ ਇਕੱਤਰ ਹੋਈਆਂ ਸਨ। ਗੁਰੂ ਸਾਹਿਬ ਨੇ ਉਸ ਦਿਨ ਸੀਸ ਮੰਗਿਆ ਸੀ। ਇਸ ਮਹਾਨ ਇਕੱਠ ਵਿਚ ਪਹਿਲਾਂ ਗੁਰੂ ਜੀ ਦੇ ਪੰਜ ਪਿਆਰੇ ਅਰਥਾਤ ਭਾਈ ਦਯਾ ਸਿੰਘ ਲਾਹੌਰ, ਭਾਈ ਧਰਮ ਸਿੰਘ ਦਿੱਲੀ, ਭਾਈ ਮੋਹਕਮ ਸਿੰਘ ਦਵਾਰਕਾ, ਭਾਈ ਹਿੰਮਤ ਸਿੰਘ ਜਗਨਨਾਥ ਪੁਰੀ, ਭਾਈ ਸਾਹਿਬ ਸਿੰਘ ਬਿਦਰ ਜੋ ਵੱਖ-ਵੱਖ ਪ੍ਰਦੇਸਾਂ ਤੋਂ ਆਏ ਸਨ ਅਤੇ ਵੱਖ-ਵੱਖ ਜਾਤੀਆਂ ਨਾਲ ਸੰਬੰਧ ਰੱਖਦੇ ਸਨ, ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੇ ਸੀਨੇ ਨਾਲ ਲਗਾਇਆ, ਪਿਆਰ ਕੀਤਾ। ਇਨ੍ਹਾਂ ਨੂੰ ਅੰਮ੍ਰਿਤਪਾਨ ਕਰਵਾਇਆ, ਸਿੰਘ ਸਜਾਇਆ। ਇਹ ਸ਼ੇਰ ਬਣ ਗਏ। ਗੁਰੂ ਜੀ ਨੇ ਆਪ ਇਨ੍ਹਾਂ ਤੋਂ ਅੰਮ੍ਰਿਤਪਾਨ ਕੀਤਾ। ਅਜਿਹੀ ਉਦਾਹਰਣ ਵਿਸ਼ਵ ਵਿੱਚ ਕਿਸੇ ਧਰਮ ਵਿੱਚ ਵੇਖਣ ਨੂੰ ਨਹੀਂ ਮਿਲਦੀ । ਇਸ ਸੰਬਧ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ .

' ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।'

ਗੁਰੂ ਸਾਹਿਬ ਨੇ ਇਸ ਸਰਬ-ਸਾਝੀਵਾਲਤਾ ਦੇ ਸਿਧਾਤ ਨੂੰ ਪ੍ਰਤੱਖ ਰੂਪ ਵਿਚ ਸਾਕਾਰ ਕਰਕੇ ਵਿਸ਼ਵ ਸਾਹਮਣੇ ਪੇਸ਼ ਕੀਤਾ। ਗੁਰੂ ਸਾਹਿਬ ਨੇ ਖ਼ਾਲਸਾ ਸਾਜਨਾ ਕਰਕੇ ਸਮੁੱਚੀ ਮਾਨਵ-ਜਾਤੀ

ਨੂੰ 'ਏਕੇ ਦੇ ਸਿਧਾਂਤ' ਵਿਚ ਪਰੋਇਆ। ਸ੍ਰੀ ਕਲਗ਼ੀਧਰ ਜੀ ਨੇ ਪ੍ਰਮਾਣਿਤ ਕਰ ਦਿੱਤਾ ਕਿ ਜਾਤ-ਪਾਤ, ਊਚ-ਨੀਚ, ਇਲਾਕਾਪ੍ਰਸਤੀ ਦਾ ਮਾਨਵਤਾ ਵਿਚ ਕੋਈ ਸਥਾਨ ਨਹੀ ਹੈ। ਆਪ ਜੀ ਨੇ ਸਮੁੱਚੀ ਵਿਸ਼ਵ ਮਨੁੱਖ ਜਾਤੀ ਨੂੰ ਪਰਮ ਪਿਤਾ ਦੇ ਪੁੱਤਰ ਕਹਿਣ ਦੇ ਨਾਲ- ਨਾਲ ਕਿਰਤ ਕਰਨਾ, ਵੰਡ ਛਕਣਾ ਅਤੇ ਗਰੀਬ ਦਾ ਮੂੰਹ ਗੋਲਕ ਸਮਾਨ ਕਿਹਾ।

ਹੀਣ ਭਾਵਨਾ ਵਾਲੇ ਜਾਂ ਛੋਟੇ ਲੋਕ ਹਰ ਪਾਸਿਓ ਦੁੱਖ ਝੱਲ ਰਹੇ ਸਨ। ਉਸ ਸਮੇਂ ਦੇ ਸ਼ੂਦਰ ਨੀਚ ਜਾਤ ਦੇ ਸਨ, ਹੀਣਤਾ ਦੀ ਭਾਵਨਾ ਨਾਲ ਜੀਅ ਰਹੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਹੀ ਦੀਨ ਹੀਣ ਲੋਕਾਂ ਨੂੰ ਅਪਣੇ ਗਲੇ ਲਗਾਇਆ। ਇਹਨਾਂ ਵਿੱਚ ਨਵੀਂ ਰੂਹ ਫੂਕ ਦਿੱਤੀ। ਸ੍ਰੀ ਕਲਗ਼ੀਧਰ ਪਾਤਸ਼ਾਹ ਨੇ ਇਨ੍ਹਾਂ ਨੂੰ ਪਾਤਸ਼ਾਹੀ ਦੇਣ ਦਾ ਨਿਸ਼ਚਾ ਕਰ ਲਿਆ। ਉਸ ਸਮੇਂ ਬਾਣੀਏ, ਬ੍ਰਾਹਮਣ, ਕਿਰਾੜ, ਖੱਤਰੀ, ਲੁਹਾਰ, ਤਰਖਾਣ, ਛੀਂਬੇ, ਸੈਣੀ, ਗੁਜਰ, ਕੰਬੋਜ , ਝਿਊਰ , ਸੁਨਿਆਰ, ਭੰਗੀ , ਭਾਟ, ਲੁਬਾਣੇ ਆਦਿ ਲੋਕਾਂ ਨੂੰ ਗੁਰੂ ਸਾਹਿਬ ਨੇ ਆਪਣੇ ਸੀਨੇ ਨਾਲ ਲਗਾਇਆ। ਭਾਈ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦਾ ਹੈ।

ਭੱਟ ਔ ਬ੍ਰਾਹਮਣ ਹੁਤ ਮੰਗਵਾਰ , ਬਹੁਰੂਪੀਏ ਲੁਬਾਣੇ ਔ ਬਟਵਾਲ।

ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ , ਯਗ ਯਾਦ ਰਖੇ ਹਮਰੀ ਗੁਰਿਆਈ।

ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੇ ਵਿਸ਼ਵਾਸ ਤਿਲਕ ਜੰਞੂ ਲਈ ਆਪਣਾ ਬਲੀਦਾਨ ਦਿੱਤਾ ਹੈ। ਖ਼ਾਲਸਾ ਸਾਜਨਾ ਉਸ ਸਮੇਂ ਦੀ ਲੋੜ ਸੀ। ਇਸ ਲਈ ਗੁਰੂ ਸਾਹਿਬ ਨੇ ਜ਼ਫ਼ਰਨਾਮੇ ਵਿਚ ਲਿਖਿਆ ਹੈ ਕਿ ਜਦੋ ਸਾਰੇ ਹੀਲੇ ਅਸਫ਼ਲ ਹੋ ਜਾਣ ਤਾਂ ਤਲਵਾਰ ਧਰਮ, ਮਜ਼ਲੂਮ, ਸੰਤ ਮਹਾਂਪੁਰਸ਼ ਤੇ ਸਵੈ-ਰੱਖਿਆ ਲਈ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਗੁਰੂ ਜੀ ਫ਼ਰਮਾਉਂਦੇ ਹਨ ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥


ਗੁਰੂ ਸਾਹਿਬ ਨੇ ਖ਼ਾਲਸੇ ਨੂੰ ਆਪਣਾ ਹੀ ਰੂਪ ਦੱਸਿਆ। ਉਨ੍ਹਾਂ ਨੇ ਸੰਸਾਰ ਵਿਚ ਸਮੁੱਚੀ ਮਾਨਵ ਏਕਤਾ ਦਾ ਸਿਧਾਂਤ ਦਿੱਤਾ ਸੀ ਉਸ ਨੂੰ ਸਾਖਿਆਤ ਰੂਪ ਵਿਚ ਸਾਕਾਰ ਵੀ ਕੀਤਾ। ਗੁਰੂ ਜੀ ਫ਼ਰਮਾਉਂਦੇ ਹਨ:-

ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹਉ ਕਰਉ ਨਿਵਾਸ ॥

ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥

ਖ਼ਾਲਸਾ ਮੇਰੋ ਮੁੱਖ ਹੈ ਅੰਗਾ ॥ ਖ਼ਾਲਸਾ ਕੇ ਹੋ ਸਦ ਸਦ ਸੰਗਾ ॥

ਗੁਰੂ ਸਾਹਿਬ ਜੀ ਨੇ ਜਿਸ ਖ਼ਾਲਸਾ ਸਾਜਨਾ ਦੇ ਮਹਾਨ ਸੰਕਲਪ ਨੂੰ ਸਥਾਪਿਤ ਕੀਤਾ ਸੀ, ਅੱਜ ਉਸ ਦੀ ਬਹੁਤ ਆਵੱਸ਼ਕਤਾ ਹੈ। ਆਓ ! ਅੱਜ ਅਸੀਂ ਖ਼ਾਲਸਾ ਸਾਜਨਾ ਦੇ ਇਸ ਵਿਸਾਖੀ ਦੇ ਪਾਵਨ ਦਿਹਾੜੇ ਤੇ ਪ੍ਰਣ ਕਰੀਏ। ਜਾਤ ਪਾਤ ਦੇ ਭਿੰਨ-ਭੇਦ ਨੂੰ ਮਿਟਾ ਕੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਸਮੁੱਚੇ ਵਿਸ਼ਵ ਵਿਚ ਫੈਲਾਈਏ। ਸ੍ਰੀ ਕਲਗ਼ੀਧਰ ਪਾਤਸ਼ਾਹ ਦੇ ਦੱਸੇ ਮਨੁੱਖੀ ਏਕਤਾ ਦੀ ਭਾਵਨਾ ਦੇ ਅਮਰ ਸੰਦੇਸ਼ ਨੂੰ ਸਾਖਿਆਤ ਰੂਪ ਦੇਣ ਲਈ ਵਚਨਬੱਧ ਹੋਈਏ ਤਾਂ ਹੀ ਸਾਰਥਕਤਾ ਸਿੱਧ ਹੋ ਸਕਦੀ ਹੈ।



ਸੇਵਾ, ਸਿਮਰਨ, ਸਾਦਗੀ, ਤਿਆਗ ਤੇ ਪਰਉਪਕਾਰ ਦੀ ਮੂਰਤ

# ਮਹੰਤ ਭਾਈ ਗੁਲਾਬ ਸਿੰਘ ਜੀ 'ਸੇਵਾ ਪੰਥੀ'

ਪ੍ਰਿੰ: ਭਗਤ ਸਿੰਘ 'ਹੀਰਾ'

ਆਪ ਜੀ ਦਾ ਜਨਮ ਪਿੰਡ ਫ਼ਾਜਲ ਜ਼ਿਲ੍ਹਾ ਮੀਆਂਵਾਲੀ (ਹਾਲ ਪਾਕਿਸਤਾਨ) ਵਿੱਚ ਪਿਤਾ ਭਾਈ ਖ਼ਜ਼ਾਨ ਸਿੰਘ ਜੀ ਦੇ ਘਰ ਮਾਤਾ ਸੇਵਾ ਬਾਈ ਜੀ ਦੀ ਕੁੱਖੋਂ ਸੰਨ ੧੯੮੧ ਈ: ਸੰਮਤ ੧੯੩੮ ਬਿਕ੍ਰਮੀ ਵਿਚ ਹੋਇਆ।

ਭਾਈ ਖ਼ਜ਼ਾਨ ਸਿੰਘ ਜੀ ਡੇਰੇ ਦੇ ਚੰਗੇ ਸ਼ਰਧਾਲੂ ਸਨ। ਆਪ ਮਾਲਵੇ ਦੇਸ਼ ਵਿੱਚ ਬਲਦਾਂ ਤੇ ਊਠਾਂ ਦਾ ਵਪਾਰ ਕਰਦੇ ਸਨ। ਇਕ ਵਾਰ ਮਹੰਤ ਲਖਮੀ ਦਾਸ ਜੀ ਦੇ ਦਰਸ਼ਨ ਕਰਨ ਲਈ ਨੂਰਪੁਰ ਆਏ। ਪਿੰਡ ਨੂੰ ਜਾਣ ਲੱਗਿਆਂ ਮਨ ਵਿੱਚ ਸੰਕਲਪ ਕੀਤਾ ਕਿ ਜੇਕਰ ਸਤਿਗੁਰੂ ਨੇ ਹੁਣ ਮੇਰੇ ਘਰ ਪੁੱਤਰ ਨੂੰ ਜਨਮ ਦਿੱਤਾ ਤਾਂ ਉਹ ਪੁੱਤਰ ਮੈਂ ਡੇਰੇ ਨੂੰ ਅਰਪਣ ਕਰਾਂਗਾ। ਵਾਹਿਗੁਰੂ ਜੀ ਦੀ ਕਰਨੀ ਐਸੀ ਹੋਈ ਕਿ ਇਸ ਤੋਂ ਪੂਰੇ ਇਕ ਮਹੀਨੇ ਮਗਰੋਂ ਹੀ ਉਸ ਦੇ ਘਰ ਇਕ ਬਾਲਕ ਨੇ ਜਨਮ ਲਿਆ। ਅਜੇ ਇਹ ਬਾਲਕ ਮਸਾਂ ਦੋ ਕੁ ਵਰ੍ਹਿਆਂ ਦਾ ਹੀ ਹੋਇਆ ਸੀ ਕਿ ਸ੍ਰ: ਖ਼ਜ਼ਾਨ ਸਿੰਘ ਜੀ ਦਾ ਅੰਤ ਸਮਾਂ ਆ ਗਿਆ। ਸ੍ਰ: ਖ਼ਜ਼ਾਨ ਸਿੰਘ ਜੀ ਨੇ ਆਪਣੀ ਘਰਵਾਲੀ ਤੇ ਆਪਣੇ ਵੱਡੇ ਭਰਾ ਦੇ ਪੁੱਤਰ ਭਾਈ ਨਿਧਾਨ ਸਿੰਘ ਨੂੰ ਬੁਲਾ ਕੇ ਆਖਿਆ, ''ਮੈਂ ਗੁਲਾਬ ਸਿੰਘ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ) ਵਿਚ ਚੜ੍ਹਾਨ ਦੀ ਮੰਨਤ ਮੰਨੀ ਹੋਈ ਹੈ। ਇਸ ਲਈ ਇਸ ਨੂੰ ਮਹੰਤ ਲਖਮੀ ਦਾਸ ਜੀ ਪਾਸ ਛੱਡ ਆਉਣਾ।'' ਇੰਨਾ ਕਹਿਣ ਤੋਂ ਬਾਅਦ ਭਾਈ ਖ਼ਜ਼ਾਨ ਸਿੰਘ ਜੀ ਚੜ੍ਹਾਈ ਕਰ ਗਏ। ਜਦੋਂ ਬਾਲਕ ਦਸਾਂ ਸਾਲਾਂ ਦਾ ਹੋਇਆ ਤਾਂ ਨੂਰਪੁਰ ਪਹੁੰਚਾ ਦਿੱਤਾ ਗਿਆ।

ਮਾਂ ਦਾ ਮੋਹ ਮਾਈ ਸੇਵਾ ਬਾਈ ਨੂੰ ਤੰਗ ਕਰਨ ਲੱਗਾ ਤੇ ਮੋਹ ਮਮਤਾ ਦੀ ਮਾਰੀ ਛੇ ਮਹੀਨੇ ਬਾਅਦ ਪੁੱਤਰ ਨੂੰ ਮੰਗਵਾ ਕਰਕੇ ਘਰ ਲੈ ਆਈ। ਮੋਹ ਫਾਥੀ ਵਾਪਸ ਭੇਜਣ ਦਾ ਨਾਂ ਨਾ ਲਵੇ। ਆਖਰ ਅਤਿਸਾਰ ਦਾ ਰੋਗ ਲੱਗ ਗਿਆ, ਮਰਨ ਕੰਢੇ ਪਹੁੰਚ ਗਈ। ਬਚਣ ਦੀ ਕੋਈ ਉਮੀਦ ਨਾ ਰਹੀ। ਭਾਈ ਨਿਧਾਨ ਸਿੰਘ ਨੂੰ ਸੁਪਨਾ ਆਇਆ ਕਿ, '' ਜੇ ਮਾਈ ਸੇਵਾ ਬਾਈ ਹਯਾਤੀ ਚਾਹੁੰਦੀ ਹੈ ਤਾਂ ਮੁੰਡੇ ਨੂੰ ਟਿਕਾਣੇ ਸਾਹਿਬ ਤੇ ਪਹੁੰਚਾ ਦੇਵੇ।'' ਇਸ ਸੁਪਨੇ ਤੋਂ ਬਾਅਦ ਲਗਭਗ ਇਕ ਸਾਲ ਆਪਣੇ ਪਾਸ ਰੱਖਣ ਮਗਰੋਂ ਫਿਰ ਟਿਕਾਣਾ ਸਾਹਿਬ ਜਾ ਕੇ ਪਹੁੰਚਾ ਆਏ।

ਮੋਹ ਤੇ ਮਾਂ ਦੀ ਮਮਤਾ ਵੀ ਇਕ ਤਿੱਖਾ ਤੀਰ ਹੈ। ਮਾਂ ਦੇ ਮਨ ਵਿਚ ਇਕ ਐਸੀ ਖ਼ਲਸ ਪੈਦਾ ਕਰ ਦਿੰਦੀ ਹੈ ਜੋ ਪੁੱਤਰ ਦੇ ਵਸਲ ਬਿਨਾਂ ਠੰਢੀ ਨਹੀਂ ਹੁੰਦੀ। ਇਹੀ ਹਾਲ ਮਾਤਾ ਸੇਵਾ ਬਾਈ ਦਾ ਸੀ। ਥੋੜ੍ਹੀ ਦੇਰ ਬਾਅਦ ਪੁੱਤਰ ਵਿਛੋੜੇ ਦੀ ਖ਼ਲਸ ਉਸ ਨੂੰ ਬਿਹਬਲ ਕਰ ਦਿੰਦੀ ਤੇ ਕਿਸੇ ਬਹਾਨੇ ਉਸ ਨੂੰ ਘਰ ਲੈ ਆਂਦੀ ਫਿਰ ਨੀਅਤ ਵਿਚ ਫ਼ਰਕ ਪੈ ਜਾਣ ਤੇ ਬੀਮਾਰ ਪੈ ਜਾਂਦੀ। ਫਿਰ ਬੱਚੇ ਨੂੰ ਨੂਰਪੁਰ ਪਹੁੰਚਾਣਾ ਪੈਂਦਾ। ਇਸ ਤਰ੍ਹਾਂ ਉਸ ਨੇ ਦੋ ਤਿੰਨ ਵਾਰ ਕੀਤਾ ਪਰ ਆਖ਼ਰ ਦਿਲ ਤੇ ਪੱਥਰ ਰੱਖਣਾ ਹੀ ਪਿਆ ਤੇ ਤੇਰ੍ਹਾਂ ਸਾਲ ਦੀ ਉਮਰ ਵਿਚ ਉਸ ਨੇ ਪੁੱਤਰ ਨੂੰ ਪੱਕੇ ਤੌਰ ਤੇ ਡੇਰੇ ਨੂੰ ਸੌਂਪ ਦਿੱਤਾ।

ਭਾਈ ਗੁਲਾਬ ਸਿੰਘ ਨੇ ਪਸ਼ੂਆਂ ਦੇ ਵਾੜੇ ਵਿਚੋਂ ਗੋਹਾਂ ਇਕੱਠਾ ਕਰਨ ਤੇ ਥੱਪਣ ਦੀ ਸੇਵਾ ਸੰਭਾਲੀ। ਇਹ ਆਪਣੀ ਸੇਵਾ ਨੂੰ ਬੜੀ ਮਸਤੀ ਤੇ ਮਗਨਤਾ ਨਾਲ ਕਰਦੇ ਸਨ। ਮਹੰਤ ਭਾਈ ਲਖਮੀ ਦਾਸ ਜੀ ਨੂੰ ਇਨ੍ਹਾਂ ਦੀ ਇਸ ਅਲਮਸਤ ਅਵਸਥਾ ਦਾ ਪਤਾ ਸੀ। ਇਹ ਆਪਣੀ ਸਰੀਰਕ ਕਿਰਿਆ ਵੱਲੋਂ ਇਤਨੇ ਲਾਪਰਵਾਹ ਸਨ ਕਿ ਮਾਈਆਂ ਮਹੀਨੇ-ਮਹੀਨੇ ਮਗਰੋਂ ਇਨ੍ਹਾਂ ਨੂੰ ਖਿੱਚ ਧੂਹ ਕੇ ਕੇਸੀ ਇਸ਼ਨਾਨ ਕਰਾਂਦੀਆਂ ਤੇ ਜੂੰਆਂ ਕੱਢਦੀਆਂ ਸਨ। ਆਪ ਆਪਣੀ ਸੇਵਾ ਵਿੱਚ ਸਦਾ ਮਸਤ ਰਹਿੰਦੇ। ਸੇਵਾ ਕਰਦਿਆਂ ਇਨ੍ਹਾਂ ਦੀ ਰਸਨਾ ਆਪ ਮੁਹਾਰੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਰਹਿੰਦੀ ਸੀ।

ਮਹੰਤ ਲਖਮੀ ਦਾਸ ਜੀ ਨੇ ਅਨੁਭਵ ਕੀਤਾ ਕਿ ਉਨ੍ਹਾਂ ਦਾ ਅੰਤ ਸਮਾਂ ਨੇੜੇ ਆ ਰਿਹਾ ਹੈ। ਉਨ੍ਹਾਂ ਮਹੰਤ

ਭਗਤ ਸਿੰਘ ਜੀ ਨੂੰ ਬੁਲਾਇਆ ਤੇ ਉਨ੍ਹਾਂ ਨਾਲ ਮਸ਼ਵਰਾ ਕਰਕੇ ਤੇ ਪੰਚਾਇਤ ਦੀ ਸਲਾਹ ਲੈਣ ਮਗਰੋਂ, ਗੋਹਾ ਥੱਪਦੇ ਭਾਈ ਗੁਲਾਬ ਸਿੰਘ ਜੀ ਨੂੰ ਪਸ਼ੂਆਂ ਦੇ ਵਾੜੇ ਵਿੱਚੋਂ ਬੁਲਾਇਆ। ਇਸ਼ਨਾਨ ਕਰਵਾਇਆ, ਸਾਫ-ਸੁਥਰੇ ਬਸਤਰ ਪਵਾਏ ਤੇ ਦਸਤਾਰਬੰਦੀ ਦੀ ਰਸਮ ਅਦਾ ਕਰਕੇ ਡੇਰੇ ਦੀ ਸੇਵਾ-ਸੰਭਾਲ ਸੌਂਪ ਦਿੱਤੀ। ਇਹ ਘਟਨਾ ਅੱਸੂ ਸੰਮਤ ੧੯੬੫ ਦੀ ਹੈ। ਇਸ ਤੋਂ ਤਕਰੀਬਨ ਇਕ ਮਹੀਨੇ ਮਗਰੋਂ ਕੱਤਕ ਸੰਮਤ ੧੯੬੫ ਵਿਚ ਮਹੰਤ ਭਾਈ ਲਖਮੀ ਦਾਸ ਜੀ ਨੇਂ ਸਰੀਰਕ ਚੋਲਾ ਛੱਡ ਦਿੱਤਾ।

ਜਦ ਆਪ ਜੀ ਨੇ ਡੇਰੇ ਦੀ ਸੇਵਾ ਲਈ ਉਸ ਵੇਲੇ ਡੇਰੇ ਤੇ ਤਿੰਨ ਹਜ਼ਾਰ ਰੁਪਏ ਦਾ ਕਰਜ਼ਾ ਸੀ। ਲੈਣੇਦਾਰ ਭਾਈ ਸਾਹਿਬ ਤੋਂ ਕਰਜ਼ਾ ਵਸੂਲ ਕਰਨ ਲਈ ਆਏ ਤੇ ਕਈ ਤਰ੍ਹਾਂ ਦੇ ਰੋਹਬ ਪਾਣ ਲੱਗੇ। ਭਾਈ ਜੀ ਨੇ ਕਿਹਾ, " ਆਖਰ ਤੁਸਾਂ ਪੈਸਾ ਹੀ ਲੈਣਾ ਹੈ ਨਾ, ਐਵੇਂ ਫੋਕਾ ਰੋਹਬ ਕਾਹਨੂੰ ਛਾਂਟਦੇ ਹੋ। " ਭਾਈ ਸਾਹਿਬ ਨੇ ਭਾਈ ਜਗਤਾ ਜੀ ਦੀ ਸਮਾਧ ਤੇ ਜਾ ਕੇ ਅਰਦਾਸ ਕੀਤੀ ਤੇ ਡੇਰੇ ਦਾ ਕੰਮ ਚਲਾਣ ਲਈ ਮਾਇਆ ਮੰਗੀ। ਅਰਦਾਸ ਕਰਕੇ ਜਦ ਆਪਣੇ ਕਮਰੇ ਵਿਚ ਆਏ ਤਾਂ ਵੇਖਿਆ ਕਿ ਉਨ੍ਹਾਂ ਦੀ ਮੰਜੀ ਹੇਠ ਇਕ ਘੜਾ ਪਿਆ ਹੋਇਆ ਸੀ ਜਿਸ ਵਿਚ ਕੌਡੀਆਂ ਸਨ। ਪਰ ਹੁਣ ਉਹ ਰੁਪਈਆਂ ਨਾਲ ਭਰਿਆ ਪਿਆ ਸੀ।

ਉਸ ਦਿਨ ਤੋਂ ਬਾਅਦ ਉਨ੍ਹਾਂ ਨੂੰ ਮਾਇਆ ਦੀ ਕਦੇ ਵੀ ਥੋੜ੍ਹ ਨਹੀਂ ਰਹੀ। ਹਰ ਪਾਸਿਉਂ ਲਛਮੀ ਛਹਿਬਰ ਲਾ ਕੇ ਵਸੀ।

ਥੋੜ੍ਹੇ ਦਿਨਾਂ ਵਿਚ ਹੀ ਕੱਚੇ ਕੋਠੇ ਪੱਕੇ ਮਕਾਨਾਂ ਵਿਚ ਬਦਲ ਗਏ, ਰਿਹਾਇਸ਼ੀ ਮਕਾਨ ਬਣ ਗਏ। ਹਰਿਮੰਦਰ ਦੀ ਉਸਾਰੀ ਬਹੁਤ ਆਲੀਸ਼ਾਨ ਢੰਗ ਨਾਲ ਕੀਤੀ ਗਈ। ਹੋਰ ਕਈ ਇਮਾਰਤਾਂ ਬਣਵਾਈਆਂ, ਸਾਧਾਂ ਲਈ ਕੋਠੜੀਆਂ ਤੇ ਚੁਬਾਰੇ, ਸੰਗਤਾਂ ਲਈ ਸਰਾਵਾਂ , ਮਾਲ-ਡੰਗਰ ਲਈ ਵੱਖਰੇ ਅਸਥਾਨ ਬਣਵਾਏ। ਗੱਲ ਕੀ ਸਾਰੇ ਟਿਕਾਣੇ ਦੀ ਤਾਮੀਰ (ਉਸਾਰੀ) ਨਵੇਂ ਸਿਰਿਉਂ ਕਰਵਾਈ।

ਸਾਧ ਵਾਲੇ ਪਿੰਡ ਵਿਚ ਟਿਕਾਣੇ ਦੇ ਨਾਂ ਤੇ ਬਹੁਤ ਸਾਰੀ ਜ਼ਮੀਨ ਖ਼ਰੀਦੀ। ਲਾਇਲਪੁਰ ਵਿਚ ਵੀ ਇਕ ਆਲੀਸ਼ਾਨ ਮਕਾਨ ਟਿਕਾਣੇ ਦੇ ਨਾਂ ਤ ਖ਼ਰੀਦਿਆ।

ਮਿੱਠੇ ਟਿਵਾਣੇ ਦਾ ਸਕੂਲ ਤੇ ਗੁਰਦੁਆਰਾ ਮੋਹਨਪੁਰ ਦੀ ਵਿਤੋਂ ਬਾਹਰੀ ਸੇਵਾ ਕੀਤੀ। ਸ੍ਰੀ ਨਨਕਾਣਾ ਸਾਹਿਬ ਮਿੱਠਿਆਂ ਵਾਲੇ ਮਹੰਤਾਂ ਦੇ ਅਸਥਾਨ ਤੇ ਇਕ ਸੁੰਦਰ ਚੁਬਾਰਾ ਪਾਇਆ। ਸ੍ਰੀ ਅੰਮ੍ਰਿਤਸਰ ਵੀ ਮਹੰਤ ਸਾਹਿਬਾਂ ਦੇ ਅਸਥਾਨ ਤੇ ਕਮਰਾ ਪਵਾਇਆ।

ਆਪ ਦਾ ਪਹਿਰਾਵਾ ਪੁਰਾਣੇ ਸੰਤਾਂ ਵਾਲਾ ਤੇ ਬੜਾ ਸਾਦਾ ਹੁੰਦਾ ਸੀ। ਸਖਾਵਤ ਦੇ ਪੁਤਲੇ ਸਨ। ਕਦੇ ਕਿਸੇ ਲੋੜਵੰਦ ਨੂੰ ਉਨ੍ਹਾਂ ਨਿਰਾਸ਼ ਕਰਕੇ ਨਹੀਂ ਸੀ ਭੇਜਿਆ। ਜੋ ਆਸਾਂ ਧਾਰ ਕੇ ਆਇਆ ਆਪ ਨੇ ਉਸ ਦੀ ਆਸਾਂ ਪੂਰੀ ਕੀਤੀ। ਮਲਾਲ ਤਾਂ ਉਹਨਾਂ ਦੇ ਚਿਹਰੇ ਦੇ ਕਦੇ ਨੇੜੇ ਨਹੀਂ ਸੀ ਢੁੱਕਾ। ਜਿਸ ਕਿਸੇ ਨੇ ਉਨ੍ਹਾਂ ਨੂੰ ਵੇਖਿਆ ਹਸੂੰ-ਹਸੂੰ ਕਰਦਿਆਂ ਵੇਖਿਆ, ਖੇੜੇ ਵਿਚ ਵੇਖਿਆ, ਪੁਰ ਜਲਾਲ ਵੇਖਿਆ। ਜਮਾਲ ਤੇ ਜਲਾਲ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਹੋਇਆ ਸੀ।

ਹਰ ਕੋਈ ਇਹੋ ਸਮਝਦਾ ਸੀ ਕਿ ਉਸ ਦੇ ਆਪਣੇ ਹਨ। ਬੇਗਾਨਾਪਨ ਤਾਂ ਉਨ੍ਹਾਂ ਵਿਚ ਉੱਕਾ ਹੀ ਨਹੀਂ ਸੀ। ਗੱਲ ਕੀ ਉਹ ਹਰ ਕਿਸੇ ਨੂੰ ਮਿਹਰਵਾਨ ਤੇ ਪਾਲਣਹਾਰ ਮਾਤਾ ਪਿਤਾ ਦੇ ਸਮਾਨ ਹੀ ਜਾਪਦੇ ਸਨ।

ਜਿੱਥੇ ਉਹ ਧੀਰਜਵਾਨ, ਸਹਿਨਸ਼ੀਲ ਤੇ ਉਦਾਰ-ਚਿੱਤ ਸਨ ਉਥੇ ਹੀ ਉਹ ਜਤੀ ਸਤੀ, ਸੰਤੋਖੀ, ਦਾਨੀ, ਸਤਵਾਦੀ ਤੇ ਪੂਰਨ ਨਿੱਤ-ਨੇਮੀ ਸਨ, ਉਨ੍ਹਾਂ ਆਪਣੇ ਹੁਕਮ ਨਾਲ ਕਈ ਸਹਿਜਧਾਰੀਆਂ ਪਾਸੋਂ ਕੇਸ ਰਖਵਾਏ ਤੇ ਸਿੰਘ ਸਜਾਇਆ ਸੀ। ਆਪਣੇ ਸਮੇਂ ਵਿਚ ਉਨ੍ਹਾਂ ਹਜ਼ਾਰਾਂ ਦੀ ਤਹਿਦਾਦ (ਗਿਣਤੀ) ਵਿਚ ਖੰਡੇ ਦਾ ਅੰਮ੍ਰਿਤ ਛਕਵਾ ਕੇ ਸਿੰਘ ਸਜਾਏ। ਹਰ ਕੋਈ ਉਨ੍ਹਾਂ ਦੇ ਹੁਕਮ ਦੀ ਪਾਲਣਾ ਵਿਚ ਆਪਣੇ ਧੰਨ ਭਾਗ ਸਮਝਦਾ ਸੀ। ਉਹਨਾਂ ਦੀਆਂ ਜੀਵਨ ਝਲਕੀਆਂ ਤਾਂ ਅਨੇਕ ਹਨ ਪਰ ਵੰਨਗੀ ਮਾਤਰ ਇਥੇ ਇਕ ਦੋ ਦਾ ਹੀ ਜ਼ਿਕਰ ਕੀਤਾ ਜਾ ਸਕਦਾ ਹੈ।

## ਨਿਰਵੈਰਤਾ

ਨੂਰਪੁਰ ਦਾ ਸ੍ਰ: ਮੋਹਨ ਸਿੰਘ ਕਿਸੇ ਕਾਰਨ ਆਪ ਜੀ ਦਾ ਵਿਰੋਧੀ ਹੋ ਗਿਆ। ਉਸ ਨੇ ਕਈ ਲੋਕਾਂ ਨੂੰ ਵਰਗਲਾ ਕੇ ਆਪਣੇ ਪਿੱਛੇ ਲਾਉਣ ਦਾ ਯਤਨ ਕੀਤਾ। ਵਿਰੋਧੀ ਇਸ਼ਤਿਹਾਰਬਾਜ਼ੀ ਕੀਤੀ, ਜਲਸੇ ਕੀਤੇ ਤੇ ਨੰਗੀਆਂ ਗਾਲ੍ਹਾਂ ਕੱਢੀਆਂ ਪਰ ਆਪ ਉਸ ਦੇ ਕੋਝੇ ਪ੍ਰਚਾਰ ਵੱਲੋਂ ਕਤਈ ਲਾਪਰਵਾਹ ਰਹੇ।

ਬਦਕਿਸਮਤੀ ਨਾਲ ਉਸ ਦਾ ੧੮ ਸਾਲਾਂ ਦਾ ਨੌਜਵਾਨ ਪੁੱਤਰ ਅਕਾਲ ਚਲਾਣਾ ਕਰ ਗਿਆ। ਉਥੋਂ ਦੇ ਰਸਮ-ਰਿਵਾਜ ਮੁਤਾਬਿਕ ਉਸ ਦੇ ਮੁਰਦਾ ਸਰੀਰ ਭਾਵ ਅਰਥੀ ਨੂੰ ਭਾਈ ਜਗਤਾ ਜੀ ਦੀ ਸਮਾਧ ਤੇ ਮੱਥਾ ਟਿਕਵਾਣਾ ਤੇ ਸਿਰੋਪਾਉ ਪਵਾਣਾ ਸੀ ਜੋ ਕੀਤਾ ਗਿਆ। ਸਿਰੋਪਾ ਕੋਈ ਵੀ ਡੇਰੇ ਦਾ ਸੇਵਾਦਾਰ ਪਾ ਸਕਦਾ ਸੀ ਪਰ ਭਾਈ ਸਾਹਿਬ ਆਪ ਹਾਜ਼ਰ ਹੋਏ ਤੇ ਪੂਰੇ ਸਤਿਕਾਰ ਨਾਲ ਸਿਰੋਪਾ ਦਿੱਤਾ।

ਇਸ ਨਿਰਵੈਰ ਵਤੀਰੇ ਨੂੰ ਵੇਖ ਕੇ ਸ੍ਰ: ਮੋਹਨ ਸਿੰਘ ਦਾ ਮਨ ਪਸੀਜ ਗਿਆ ਉਹ ਭਾਈ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ। ਪਛਤਾਵਾ ਕੀਤਾ ਤੇ ਪਿੱਛੇ ਹੋਈ ਦੀ ਖਿਮਾ ਮੰਗੀ। ਹੁਣ ਉਹ ਵੈਰ-ਵਿਰੋਧ ਭੁੱਲ ਕੇ ਆਪ ਜੀ ਦਾ ਅਨਿੰਨ ਸੇਵਕ ਬਣ ਗਿਆ।

## ਆਤਮ ਬਲ

ਲੰਗਰ ਵਿਚ ਇਕ ਦਿਨ ਲਗਭਗ ਸਾਰੇ ਡੇਰੇ ਵਿਚ ਰਹਿਣ ਵਾਲੇ ਲੋਕ ਮੌਜੂਦ ਸਨ। ਉਨ੍ਹਾਂ ਨੇ ਇਕ ਮਟਕੇ ਵਿਚ ਕਾਲਾ ਨਾਗ ਸ਼ੂਕਦਾ ਵੇਖਿਆ। ਭੈ-ਭੀਤ ਹੋਏ ਲੋਕ ਸੱਪ-ਸੱਪ ਦਾ ਰੌਲਾ ਪਾਉਣ ਲੱਗ ਪਏ। ਰੌਲਾ ਤਾਂ ਬੜਾ ਪਵੇ ਪਰ ਅੱਗੇ ਕੋਈ ਨਾ ਹੋਵੇ। ਸੱਪ ਆਪਣੀ ਥਾਂ ਤੇ ਚੌਕੰਨਾ ਹੋ ਕੇ ਸ਼ੂਕੀ ਜਾਵੇ। ਸ਼ੋਰ ਸੁਣ ਕੇ ਮਹੰਤ ਸਾਹਿਬ ਵੀ ਉਥੇ ਆ ਗਏ। ਕਹਿਣ ਲੱਗੇ, "ਕਿਉਂ ਮੁਫ਼ਤ ਦੀ ਖੱਪ ਪਾਈ ਹੋਈ ਜੇ। ਐਵੇਂ ਕੋਈ ਕਾਲੀ ਰੱਸੀ ਹੋਵੇਗੀ।"

ਫੇਰ ਜਾ ਮਟਕੇ ਵਿਚ ਹੱਥ ਪਾਇਆ ਤੇ ਰੱਸੀ ਬਾਹਰ ਕੱਢ ਕੇ ਸੁੱਟ ਦਿੱਤੀ।

## ਵਾਕ ਸਿੱਧੀ

ਗੋਹਰ ਵਾਲੇ ਪਿੰਡ ਵਿੱਚ ਸਿੱਖ ਲੰਗਰ ਲਈ ਲੱਕੜਾਂ ਵੱਢ ਕੇ ਲਿਆਉਂਦੇ ਸਨ। ਪਿੰਡ ਦਾ ਮੁਸਲਮਾਨ ਨੰਬਰਦਾਰ ਕਹਿਣ ਲੱਗਾ, "ਸਿੱਖੋ! ਤੁਹਾਡੇ ਪੀਰ ਨੂੰ ਮੈਂ ਤਦ ਮੰਨਾਂਗਾ ਜੇਕਰ ਉਹ ਮੇਰੀ ਕਾਮਨਾ ਪੂਰੀ ਕਰ ਦੇਵੇ।" ਉਹ ਸੰਤਾਨਹੀਣ ਸੀ ਤੇ ਇਕ ਪੁੱਤਰ ਦੀ ਦਾਤ ਲੈਣਾ ਚਾਹੁੰਦਾ ਸੀ। ਸਿੱਖਾਂ ਨੇ ਕਿਹਾ, "ਤੂੰ ਦਰਸ਼ਨ ਤੇ ਜਾ ਕੇ ਕਰ, ਮੁਰਾਦ ਵੀ ਪੂਰੀ ਹੋ ਜਾਵੇਗੀ।"

ਇਕ ਦਿਨ ਉਸ ਨੇ ਨੂਰਪੁਰ ਪੁੱਜ ਕੇ ਮਹੰਤ ਸਾਹਿਬ ਨੂੰ ਜਾ ਮੱਥਾ ਟੇਕਿਆ। ਮਹੰਤ ਸਾਹਿਬ ਬੋਲੇ, "ਆ ਬਈ ਨੰਬਰਦਾਰਾ, ਆ ਗਿਆ ਹੈਂ ਨਾ ਆਖ਼ਰ।" ਫੇਰ ਪਿੱਠ ਤੇ ਜ਼ੋਰ ਨਾਲ ਦੋ ਥਾਪੜੇ ਦਿੱਤੇ ਤੇ ਆਖਿਆ, "ਜਾਹ ਤੈਨੂੰ ਰੱਬ ਦੋ ਪੁੱਤਰ ਦੇਵੇਗਾ ਪਰ ਫ਼ਕੀਰਾਂ ਨੂੰ ਅਜ਼ਮਾਣਾ ਚੰਗਾ ਨਹੀਂ ਹੁੰਦਾ।"

ਸਮਾਂ ਪਾ ਕੇ ਉਸ ਦੇ ਘਰ ਦੋ ਪੁੱਤਰ ਹੋਏ। ਉਹ ਪਾਕਿਸਤਾਨ ਬਣਨ ਤੱਕ ਹਰ ਸਾਲ ਯੱਗ-ਸਮਾਗਮ ਉੱਤੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਆਉਂਦਾ ਰਿਹਾ। ਸਾਨੂੰ ਇਸ ਤੋਂ ਮਗਰੋਂ ਦਾ ਪਤਾ ਨਹੀਂ, ਸ਼ਾਇਦ ਹੁਣ ਵੀ ਆਉਂਦਾ ਹੋਵੇ।

## ਸਹਿਨਸ਼ਕਤੀ

ਸੰਨ ੧੯੩੫ ਵਿਚ ਉਨ੍ਹਾ ਦੀ ਖੱਬੀ ਲੱਤ ਤੇ ਡਾਇਬੈਟਿਕ ਕਾਰਬੰਕਲ ਨਿਕਲ ਆਇਆ। ਇਸ ਦਾ ਇਲਾਜ ਲਾਇਲਪੁਰ (ਪਾਕਿਸਤਾਨ) ਵਿਚ ਡਾਕਟਰ ਫੌਜਾ ਸਿੰਘ, ਡਾਕਟਰ ਕ੍ਰਿਸ਼ਨ ਸਿੰਘ ਤੇ ਡਾਕਟਰ ਰਾਜਿੰਦਰ ਸਿੰਘ ਜੀ ਨੇ ਰਲ ਕੇ ਕੀਤਾ। ਉਪਰੇਸ਼ਨ ਕਰਨਾ ਸੀ। ਬੋਤਲ ਸੁੰਘਾ ਕੇ ਬੇਹੋਸ਼ ਕਰਨ ਦਾ ਵਿਚਾਰ ਕਰ ਰਹੇ ਸਨ ਪਰ ਮਹੰਤ ਸਾਹਿਬ ਨੇ ਵਰਜ ਦਿੱਤਾ ਕਹਿਣ ਲੱਗੇ "ਬੋਤਲ ਸੁੰਘਾਣ ਦੀ ਲੋੜ ਨਹੀਂ, ਇਹ ਲੱਤ ਪਈ ਹੈ ਤੁਸੀ ਜੋ ਚੀਰ-ਫਾੜ ਕਰਨੀ ਹੈ ਕਰ ਲਵੋ। ਜੇਕਰ ਮੇਰੇ ਮੂੰਹੋਂ ਹਾਏ ਜਾਂ ਸੀ ਨਿਕਲੀ ਤਾਂ ਮੈਨੂੰ ਸਾਧ ਨਾ ਕਹਿਣਾ।" ਬਿਨਾਂ ਬੋਤਲ ਸੁੰਘਾਏ ਜਾਂ ਬੇਹੋਸ਼ ਕੀਤੇ ੯ ਇੰਚ ਲੰਬਾ ਤੇ ਢਾਈ ਇੰਚ ਚੌੜਾ ਉਪਰੇਸ਼ਨ

ਹੋਇਆ। ਜ਼ਖ਼ਮ ਤੇ ਪੱਟੀ ਬੱਝ ਗਈ ਪਰ ਆਪ ਨੇ ਉਫ ਨਾ ਕੀਤੀ। ਸਾਰਾ ਸਮਾਂ ਆਪ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ।

## ਭਵਿੱਖ -ਬਾਣੀ

ਸੰਨ ੧੯੪੨ ਈ. ਵਿਚ ਆਪ ਮਾਲਵੇ ਦੇਸ਼ ਵਿਚ ਆਏ ਤੇ ਲੱਖੀ-ਜੰਗਲ ਵਿਚ ਕਿਆਮ ਕੀਤਾ। ਲੋਕਾਂ ਨੇ ਬੇਨਤੀ ਕੀਤੀ "ਮਹਾਰਾਜ ਜੀ! ਇਸ ਇਲਾਕੇ ਵਿਚ ਵੀ ਸਿੱਖੀ ਸਿੰਚਾਰ ਕਰਨ ਦੀ ਲੋੜ ਹੈ। ਇੱਥੇ ਵੀ ਨਾਮ, ਬਾਣੀ ਤੇ ਸੇਵਾ ਦਾ ਪਰਵਾਹ ਚੱਲਣਾ ਚਾਹੀਦਾ ਹੈ। ਇਧਰ ਵੀ ਡੇਰੇ ਦੀ ਕੋਈ ਸ਼ਾਖਾ ਕਾਇਮ ਕਰੋ।"

ਹੱਸ ਕੇ ਕਹਿਣ ਲੱਗੇ, "ਸਾਖ਼ਾ ਕੀ ਖੋਲ੍ਹਣੀ ਹੈ, ਡੇਰਾ ਹੀ ਬਣੇਗਾ।"

ਉਨ੍ਹਾਂ ਦੀ ਇਹ ਭਵਿੱਖ-ਬਾਣੀ ਦੀ ਪੂਰਤੀ ਅੱਜ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਤੋਂ ਪ੍ਰਤੱਖ ਹੈ।

ਸੰਨ ੧੯੪੦ ਈ: ਦੀ ਗੱਲ ਹੈ, ਮੌਜੂਦਾ ਮਹੰਤ ਸਾਹਿਬ ਭਾਈ ਤੀਰਥ ਸਿੰਘ ਜੀ, ਜੋ ਉਸ ਸਮੇਂ ਕੋਈ ਪੰਦਰਾਂ ਕੁ ਸਾਲ ਦੇ ਸਨ, ਕੇਸੀ ਇਸ਼ਨਾਨ ਕਰਕੇ ਇਕ ਪੀੜ੍ਹੀ ਤੇ ਬੈਠੇ ਇਕ ਪਰਾਂਤ ਵਿਚ ਪਏ ਸਾਬਣ ਘੁਲੇ ਪਾਣੀ ਵਿਚ ਪੈਰ ਡੋਬ ਕੇ ਝਾਵੇਂ ਨਾਲ ਪੈਰਾਂ ਦੀ ਮੈਲ ਉਤਾਰ ਰਹੇ ਸਨ। ਨੰਬਰਦਾਰ ਤੇ ਜ਼ੈਲਦਾਰ ਸ੍ਰ: ਜਵਾਹਰ ਸਿੰਘ ਆਏ ਤੇ ਚਰਨ - ਬੰਦਨਾਂ ਕਰਕੇ ਮਹੰਤ ਸਾਹਿਬ ਪਾਸ ਬੈਠ ਗਏ ਤੇ ਕਹਿਣ ਲੱਗੇ, "ਡੇਰੇ ਦਾ ਕਾਰੋਬਾਰ ਤੇ ਪਸਾਰਾ ਹੁਣ ਬਹੁਤ ਵੱਧ ਗਿਆ ਹੈ। ਸਮਾਂ ਮੰਗ ਕਰ ਰਿਹਾ ਹੈ ਕਿ ਹੁਣ ਤੁਹਾਡਾ ਚੇਲਾ ਕੋਈ ਚੰਗਾ ਪੜ੍ਹਿਆ ਲਿਖਿਆ ਹੋਵੇ ਤੇ ਡੇਰੇ ਦਾ ਕਾਰੋਬਾਰ ਚੰਗੀ ਤਰ੍ਹਾਂ ਸੰਭਾਲ ਸਕੇ।"

ਮਹੰਤ ਸਾਹਿਬ ਮੁਸਕਰਾ ਕੇ ਕਹਿਣ ਲੱਗੇ, "ਪੜ੍ਹਾਈਏ ਕਿਸ ਨੂੰ?" ਨੰਬਰਦਾਰ ਕਹਿਣ ਲੱਗਾ, "ਅਹਿ ਮੁੰਡਾ ਜੋ ਤੁਹਾਡੇ ਕੋਲ ਬੈਠਾ ਸੇਵਾ ਕਰ ਰਿਹਾ ਹੈ ਇਸ ਨੂੰ ਪੜ੍ਹਾਉ।" ਕਹਿਣ ਲੱਗੇ, "ਆਪੇ ਪੜ੍ਹ ਜਾਵੇਗਾ" ਨੰਬਰਦਾਰ ਨੇ ਫਿਰ ਕਿਹਾ, "ਅੰਗਰੇਜ਼ੀ ਵੀ ਪੜ੍ਹਾਉ।" ਸਮਾਂ ਮੰਗ ਕਰਦਾ ਹੈ।" ਬੋਲੇ, "ਅੰਗਰੇਜੀ ਵੀ ਪੜ੍ਹ ਜਾਵੇਗਾ।" ਉਨ੍ਹਾਂ ਇਹ ਵੀ ਆਖਿਆ ਕਿ ਉਹ ਹੁਣ ਸਕੂਲ ਕਾਲਜ ਤੇ ਹਸਪਤਾਲ ਬਣਾਨ ਵੱਲ ਧਿਆਨ ਦੇਣ। ਮਹੰਤ ਸਾਹਿਬ ਨੇ ਉੱਤਰ ਦਿੱਤਾ, "ਸਾਥੋਂ ਤਾਂ ਚੱਲ ਨਹੀਂ ਸਕਣੇ ਇਹ ਚਲਾਏਗਾ"

ਇਹ ਭਵਿੱਖ -ਬਾਣੀ ਇੰਨ-ਬਿੰਨ ਪ੍ਰਤੱਖ ਹੋ ਚੁੱਕੀ ਹੈ ਤੇ ਇਸ ਵੇਲੇ ਡੇਰੇ ਵਿਚ ਇਹ ਤਿੰਨੇ ਚੀਜ਼ਾ ਤੇ ਹੋਰ ਵੀ ਕਈ ਕੁਝ ਸਫਲਤਾ ਨਾਲ ਚੱਲ ਰਿਹਾ ਹੈ।

ਦੱਸਣ ਯੋਗ ਤਾਂ ਹੋਰ ਵੀ ਕਈ ਕੁਝ ਹੈ ਪਰ ਇਸ ਲੇਖ ਵਿਚ ਬਹੁਤ ਕੁਝ ਦੱਸਣ ਦੀ ਗੁੰਜਾਇਸ਼ ਨਹੀਂ। ਭਾਈ ਸਾਹਿਬ ਫਤਿਹ ਸਿੰਘ ਜੀ ਨੇ ਆਪ ਜੀ ਦੀ ਜੀਵਨੀ ਤੇ ਇਕ ਵਿਸ਼ੇਸ ਟ੍ਰੈਕਟ ਲਿਖਿਆ ਸੀ ਤੇ ਅਸੀ ਵੀ ਕਿਸੇ ਵੱਖਰੇ ਲੇਖ ਰਾਹੀ ਕੁਝ ਲਿਖਣ ਦਾ ਯਤਨ ਕਰਾਂਗੇ।

## ਦੇਸ਼ ਵੰਡ ਤੇ ਪਾਕਿਸਤਾਨ ਬਣਨ ਸਮੇਂ

ਦੇਸ਼ ਵੰਡ ਤੇ ਪਾਕਿਸਤਾਨ ਬਣਨ ਸਮੇਂ ਬੜੀ ਹਨੇਰ-ਗਰਦੀ ਮੱਚੀ। ਉਹ ਹਿੰਦੂ-ਮੁਸਲਮਾਨ ਜੋ ਸਕੇ ਵੀਰਾਂ ਵਾਂਗ ਮਿਲਵਰਤਨੀਏ ਸਨ,ਦੇ ਸਿਰ ਤੇ ਮਜ਼ਬੀ ਜਨੂਨ ਭੂਤ ਬਣ ਕੇ ਸਵਾਰ ਹੋ ਗਿਆ। ਹਿੰਦੂ ਮੁਸਲਮਾਨ ਇਕ ਦੂਜੇ ਦੇ ਰੱਤ ਪੀਣੇ ਵੈਰੀ ਬਣ ਗਏ। ਸ਼ਹਿਰਾਂ ਵਿਚ ਅੱਗਾ ਲੱਗਦੀਆਂ ਤੇ ਪਿੰਡਾਂ ਦੇ ਉਜਾੜੇ ਹੋਣੇ ਸ਼ੁਰੂ ਹੋ ਗਏ। ਦੇਸ਼ ਦੀ ਵੰਡ ਨਾਲ ਹਿੰਦੂ ਤੇ ਮੁਸਲਮਾਨ ਵੀ ਵੰਡੇ ਗਏ। ਹਿੰਦੂਆ ਦੇ ਹਿੱਸੇ ਆਇਆ ਦੇਸ਼, ਭਾਰਤ ਅਖਵਾਇਆ ਤੇ ਮੁਸਲਮਾਨਾ ਨੇ ਆਪਣੇ ਹਾਸਲ ਕੀਤੇ ਹਿੱਸੇ ਨੂੰ ਪਾਕਿਸਤਾਨ ਆਖਿਆ। ਨੂਰਪੁਰ ਦਾ ਇਲਾਕਾ ਚੂੰਕਿ ਮੁਸਲਮਾਨ ਬਹੁ ਗਿਣਤੀ ਦਾ ਇਲਾਕਾ ਸੀ ਇਸ ਲਈ ਪਾਕਿਸਤਾਨੀ ਇਲਾਕਾ ਕਰਾਰ ਦਿੱਤਾ ਗਿਆ। ਇਸ ਲਈ ਮੁਸਲਮਾਨਾਂ ਨੇ ਹਿੰਦੂਆਂ ਪਾਸੋਂ ਮਾਲ-ਧਨ ਤੇ ਜਨ ਦੀ ਖੋਹਾ-ਖਾਹੀ, ਮਾਰ-ਕੁਟਾਈ ਤੇ ਲੁੱਟ - ਲੁਟਾਈ ਸ਼ੁਰੂ ਕਰ ਦਿੱਤੀ। ਅਜਿਹੇ ਜੁਗ-ਗਰਦੀ ਦੇ ਭਿਆਨਕ ਸਮੇਂ ਲਗਭਗ ਪੰਜ ਹਜਾਰ ਹਿੰਦੂ-ਸਿੱਖਾਂ ਨੇ ਟਿਕਾਣਾ ਸਾਹਿਬ ਵਿਚ ਆ ਪਨਾਹ ਲਈ।

ਮਹਾਪੁਰਸ਼ਾਂ ਨੇ ਦਿੱਬ-ਦ੍ਰਿਸ਼ਟੀ ਨਾਲ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਪੂਰੀ ਤਰ੍ਹਾਂ ਅਨੁਭਵ ਕਰ ਲਿਆ

ਸੀ ਇਸ ਲਈ ਕਈ ਮਹੀਨਿਆਂ ਲਈ ਤੇ ਹਜ਼ਾਰਾਂ ਪਨਾਹਗੀਰਾਂ ਨੂੰ ਲੰਗਰ ਛਕਾਣ ਲਈ ਅਨਾਜ ਦੇ ਭੰਡਾਰ ਭਰ ਰੱਖੇ ਸਨ। ਸਮਾਂ ਬਣਨ ਤੇ ਉਨ੍ਹਾ ਇਨ੍ਹਾਂ ਭੰਡਾਰਾਂ ਦੇ ਬੂਹੇ ਖੋਲ੍ਹ ਦਿੱਤੇ ਤੇ ਸੰਗਤਾਂ ਨੂੰ ਆਖਿਆ, "ਪੀਹੋ, ਪਕਾਉ ਤੇ ਛਕੋ ਛਕਾਉ।" ਪੌਣੇ ਦੋ ਮਹੀਨੇ ਲੰਗਰ ਚੱਲਦੇ ਰਹੇ। ਆਖ਼ਿਰ ਲਾਰੀਆਂ ਆਈਆਂ ਤੇ ਪਨਾਹਗੀਰ ਸੰਗਤਾਂ ਨੂੰ ਸਰਗੋਧੇ ਲੈ ਗਈਆਂ। ਆਪ ਸਾਰੀਆਂ ਸੰਗਤਾਂ ਨੂੰ ਸਰਗੋਧੇ ਤੋਰ ਸਭ ਤੋ ਅਖ਼ੀਰ ਲਾਰੀ ਵਿਚ ਬੈਠੇ। ਇਨ੍ਹਾਂ ਪੌਣੇ ਦੋਹਾਂ ਮਹੀਨਿਆ ਵਿਚ ਵੈਰੀ ਜਹਾਦੀਆਂ ਨੇ ਡੇਰੇ ਤੱਕ ਪੁੱਜਣ ਦਾ ਹੀਆ ਕਈ ਵੇਰ ਕੀਤਾ, ਪਰ ਡੇਰੇ ਤੋਂ ਦੋ ਸੌ ਕਦਮ ਦੂਰ ਤੱਕ ਆ ਕੇ ਮੁੜ ਜਾਂਦੇ ਰਹੇ। ਸੁਣਨ ਵਿਚ ਆਇਆ ਕਿ ਇਸ ਤੋਂ ਅੱਗੇ ਆਉਣ ਲੱਗਿਆਂ ਉਨ੍ਹਾ ਨੂੰ ਝੁਲਸਾਊ ਸੇਕ ਲੱਗਦਾ ਸੀ ਤੇ ਉਹ ਤੋਬਾ-ਤੋਬਾ ਕਰਦੇ ਪਿੱਛੇ ਹੱਟ ਜਾਦੇ ਸਨ।

ਸਰਗੋਧੇ ਕੈਂਪ ਵਿਚ ਮਸਾਂ ਪੰਜ ਦਿਨ ਹੀ ਰਹੇ ਹੋਣਗੇ ਕਿ ਸੰਗਤਾਂ ਨੂੰ ਲੈਣ ਲਈ ੨੪ ਲਾਰੀਆ, ਸ੍ਰੀ ਅੰਮ੍ਰਿਤਸਰ ਜੀ ਤੋਂ ਆਈਆਂ। ਮਹੰਤ ਹੀਰਾ ਸਿੰਘ ਜੀ (ਸ਼ਾਹਪੁਰ) ਤੇ ਜ਼ੋਰ ਦੇਣ ਤੇ ਆਪ ਸੰਗਤਾਂ ਸਣੇ ਸ੍ਰੀ ਅੰਮ੍ਰਿਤਸਰ ਪੁੱਜ ਗਏ। ਰਾਹ ਵਿਚ ਕਿਸੇ ਤਰ੍ਹਾਂ ਦੀ ਕੋਈ ਦੁਰਘਟਨਾ ਨਾ ਵਾਪਰੀ।

ਪਹਿਲਾਂ ਅੰਮ੍ਰਿਤਸਰ ਮਹੰਤ ਭਾਈ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਕੁਝ ਚਿਰ ਟਿਕੇ ਤੇ ਫਿਰ ਅੰਬਾਲਾ ਆਦਿ ਥਾਂਵਾਂ ਵਿਚ ਵਿਚਰਦੇ-ਵਿਚਰਦੇ ਗੋਨਿਆਣਾ ਮੰਡੀ ਵਿਚ ਆ ਝੰਡਾ ਗੱਡਿਆ। ਥਾਂ ਮੁੱਲ ਲੈ ਕੇ ਇੱਥੇ ਟਿਕਾਣਾ ਕਾਇਮ ਕੀਤਾ।

ਵੈਸਾਖੀ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਮੇਲਿਆਂ ਲਈ ਗਏ, ਸਰੋਵਰ ਵਿਚ ਇਸ਼ਨਾਨ ਕੀਤਾ, ਸ੍ਰੀ ਮਹੰਤ ਜਵਾਹਰ ਸਿੰਘ ਜੀ ਦੇ ਟਿਕਾਣੇ ਤੇ ਟਿਕੇ। ਸਰੀਰ ਖੇਚਲ ਕਰਕੇ ਇਲਾਜ ਤਾਂ ਬਥੇਰੇ ਕੀਤੇ ਪਰ ਜੋ ਧੁਰੋਂ ਸੱਦਾ ਆ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ

ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥
ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥੨੧॥

ਅਕਾਲ ਪੁਰਖ ਜੀ ਦੇ ਅਟੱਲ ਹੁਕਮ ਅਨੁਸਾਰ ਸੱਦਾ ਆ ਗਿਆ ਤੇ ੮ ਵੈਸਾਖ ਸੰਮਤ ੨੦੦੭ ਮੁਤਾਬਿਕ ੨੧ ਅਪ੍ਰੈਲ ੧੯੫੦ ਈ ਨੂੰ ਸਰੀਰਕ ਬਾਣਾ ਤਿਆਗ ਕੇ ਪ੍ਰਭੂ ਪੁਰ ਪਯਾਨੇ ਕਰ ਗਏ। ਜੋਤ ਪਰਮ ਜੋਤ ਵਿੱਚ ਮਿਲ ਗਈ ਜਿਵੇ:

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥ ੧੧॥

ਸਰੀਰਕ ਯਾਤਰਾ ਮਰਯਾਦਾ ਅਨੁਸਾਰ ਸੰਪੂਰਣ ਹੋਣ ਤੇ ਡੇਰੇ ਨਾਲ ਸਾਰੇ ਸੰਬੰਧਿਤ ਸਾਧ ਗੋਨਿਆਣਾ ਮੰਡੀ ਪਰਤ ਗਏ ਤੇ ਸਤਾਰ੍ਹਵਾਂ ਆਪਣੇ ਡੇਰੇ ਤੇ ਗੋਨਿਆਣਾ ਮੰਡੀ ਵਿਚ ਹੀ ਕੀਤਾ। ਇਸ ਮੌਕੇ ਸੇਵਾ ਪੰਥੀ ਸੰਪ੍ਰਦਾਇ ਦੇ ਪ੍ਰਧਾਨ ਮਹੰਤ ਭਾਈ ਨਿਸ਼ਚਲ ਸਿੰਘ ਜੀ ਪਟਨੇ ਸਨ, ਉਨ੍ਹਾਂ ਨੂੰ ਤਾਰ ਦੇ ਕੇ ਬੁਲਾਇਆ ਗਿਆ। ਹੋਰ ਸਮੂਹ ਸੇਵਾ ਪੰਥੀ ਟਿਕਾਣਿਆਂ ਦੇ ਮਹੰਤ ਸਾਹਿਬਾਨਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਹੋਰ ਬੇਅੰਤ ਸਾਧਾਂ-ਸੰਤਾਂ ਤੇ ਸੰਗਤਾਂ ਨੇ ਦਰਸ਼ਨ ਦਿੱਤੇ। ਸਮੂਹ ਸੇਵਾ ਪੰਥੀ ਭੇਖ ਵਿਚ ਆਏ ਸਾਧ -ਸੰਤਾਂ ਤੇ ਸੰਗਤਾਂ ਨੇ ਸਰਬ-ਸੰਮਤੀ ਨਾਲ ਆਪ ਜੀ ਦੇ ਮੁਖੀ ਚੇਲੇ ਭਾਈ ਆਸਾ ਸਿੰਘ ਜੀ ਨੂੰ ਡੇਰੇ ਦੀ ਮਹੰਤੀ ਸੌਂਪੀ ਤੇ ਦੂਜੇ ਚੇਲੇ ਭਾਈ ਹਰੀ ਸਿੰਘ ਜੀ ਨੂੰ ਜਮੀਨਾਂ ਦੇ ਪ੍ਰਬੰਧ ਤੇ ਹੋਰ ਸੇਵਾ ਲਈ ਉਨ੍ਹਾਂ ਦਾ ਸਲਾਹਕਾਰ ਅਥਵਾ ਵਜ਼ੀਰ ਮੁਕੱਰਰ ਕੀਤਾ। ਮਹੰਤ ਆਸਾ ਸਿੰਘ ਜੀ, ਭਾਈ ਹਰੀ ਸਿੰਘ ਜੀ ਤੇ ਭਾਈ ਜਮੀਤ ਸਿੰਘ ਜੀ ਮਿਲ ਕੇ ਲਗਾਤਾਰ ਡੇਰੇ ਦੀ ਮਰਯਾਦਾ ਤੇ ਸੇਵਾ ਨੂੰ ਸਫਲਤਾ ਨਾਲ ਨਿਭਾਉਂਦੇ ਰਹੇ। ਮਹੰਤ ਭਾਈ ਗੁਲਾਬ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਦੇ ਪੂਰੇ ਸਾਢੇ ਤਿੰਨ ਸਾਲ ਬਾਅਦ ਮਹੰਤ ਆਸਾ ਸਿੰਘ ਜੀ ਨੇ ੨੦ ਅੱਸੂ ੨੦੧੦ ਸੰਮਤ ਨੂੰ ਡੇਰੇ ਵਿਚ ਹਰਿਮੰਦਰ ਸਾਹਿਬ ਦੇ ਦਰਬਾਰ ਹਾਲ ਦੀ ਨੀਂਹ ਰੱਖੀ ਜੋ ਇਸ ਵੇਲੇ ਬੜੀ ਸੁੰਦਰ ਸ਼ੋਭਾ ਪਾ ਰਿਹਾ ਹੈ।

# बाबाणीयां-कहाणीयां

## (भाई अड्डण साहिब जी)

✍ जोगिन्द्र सिंह 'सागर'

सेवा पंथ गगन के चमकते सितारों में विशेष स्थान रखने वाले महानु भाव का नाम है भाई अड्डण साहिब !

आपका जन्म लऊ नगर जिला झंग (पाकिस्तान) में 1745 के लगभग हुआ । इसी गांव में उदासी महापुरूष सर्व श्री गुरदास जी भी रहते थे । जो सदाचारी जीवन वाले, सेवा भावी व परोपकारी आत्मा थे । वे धर्मार्थ लोगों को पंजाबी (गुरमुखी) पढ़ाया करते थे । भाई अड्डण जी ने भी उन्हीं से पंजाबी की प्राथमिक शिक्षा ग्रहण की । सन्त गुरदास जी के जीवन, स्वभाव और शिक्षा का ऐसा प्रभाव हुआ कि आपका मन, घर-बार और संसार से उपराम हो गया । मन हर समय किसी दैवी मौज में रहने लगा। दया, धर्म, क्षमा, सत्य, सन्तोष, परोपकार और विवेक आदि सद्गुण स्वाभाविक ही आपके जीवन तथा स्वभाव का अंग बन गये ।

आपके माता पिता एक समृद्ध गृहस्थी थे । वह नही चाहते थे कि उनका पुत्र साधु, त्यागी उदासी या सन्यासी बने । इस मार्ग से हटाने हेतु उन्होने भाई अड्डण जी का विवाह एक अत्यंत सुन्दर कन्या से कर दिया । सोने चाँदी के ज़ेवर, सुन्दर कपड़े तथा विलास्ता का सारा सामान खुल कर जुटाया गया ताकि उसे संसारिक व परिवारक जीवन में व्यस्त कर सकें । परन्तु यह सब कुछ व्यर्थ सिद्ध हुआ । प्रभु प्यार का रंग और अधिक गुढ़ा हो गया । चात्रिक की तरह स्वांति बूंद की ही तड़प रहने लगी । अब तो भाई अड्डण श्री के त्याग,सत्य, सेवा भाव, भक्ति तथा परोपकारी स्वभाव की चर्चा घर-घर में होने लगी ।

संयोगवश सेवा, सिमरन, परोपकार व धर्म प्रचार हेतु भाई सेवा राम श्री देश रटन करते हुए लऊ नगर में आ पहुंचे । इस नगर में भाई अड्डण जी ने कथा कीर्तन और सत्संग का निरन्तर प्रवाह चलाया हुआ था । महायोगी परम सन्यासी भाई सेवा राम जी यह सब देख कर बहुत प्रभावित और प्रसन्न हुए । कुछ समय भाई जी स्वयं श्री गुरू ग्रंथ साहिब की सुधाई के लिए पास के किसी गांव में गये हुए थे । भाई सेवा राम के मन में ऐसे सत्संगी और सेवार्थी पुरूष को मिलने की तीव्र इच्छा हुई और आगे जाकर भाई अड्डण जी को मिले । यह मिलन कंवल और भंवरे, चाँद और चकोर तथा मेघ और मोर की भान्ति एक अनूठा मिलन हो गुज़रा । परस्पर दीदार से दोनों प्रेम गंगा में अभेद हो गये । दो सेवा ज्योतियों का यह पावन मिलाप 1770 के लगभग हुआ । सन्त रत्न माला के अनुसार दर्शन करते ही भाई अड्डण जी ने भाई सेवाराम के चरणों में सर्वस्त अर्पण कर दिया और हमेशा-2 के लिये उनके होकर रह गये । इस तरह यह संगम दो पुणय-आत्माओं का सिद्ध हुआ ।

भाई सेवा राम का आर्शीवाद पाकर भाई अड्डण जी ने भी सेवा, सिमरन और परोपकार का प्रसादि मानवता में बांटना शुरू कर दिया । भाई जी के पास हर समय साधु-सन्त, जिज्ञासु तथा सेवा भावना वाले लोग भारी संख्या में उपस्थित रहते । संगत और पंगत का श्रद्धापूर्ण दृश्य देखते ही बनता ।

एक बार धर्मशाला (टिकाणा) से रात को चोर सारी गऊँए चुरा का ले गये । प्रातः जब बछड़ों ने शोर मचाया तो पता चला कि गायें चोरी हो गई हैं, इस लिये बछड़े बछड़ियां व्याकुल होकर कराह रहे हैं । दया मूर्ति भाई अड्डण जी से यह सदमा सहन न हो सका । सेवादारों को आज्ञा की कि यह बछड़े इन की माताओं को मिलाओ । पीछा करके जहां भी चोर गायें ले गये हैं इन्हे वही छोड़ आओ । मां पुत्र का बिछोड़ा काल से भी भयंकर होता है । सेवादार बच्चे लेकर चोरो के यहां पंहुचे और बच्चे वहां छोड दिये । गायें बछड़े जब आपस में मिले तो करूणा का एक अद्भुत-सा वातावरण छा गया । यह सब देख, सुन व जान कर चोरों की अन्तर-आत्मा तड़प उठी । उन्हें बेहद पश्चाताप हुआ । मां पुत्रों के बिछोड़े और मिलने ने उन के चोर हृदयों को झंझोड दिया । सारी गांये और बछड़े बछड़िया ले कर धर्मशाला में आये और भाई साहिब के चरणों पर गिर पड़े । दया निधि साधु भाई जी ने यह वापस लेने से इन्कार कर दिया और कहा कि सन्त जनों ! तुम्हे जरूरत है ले जाओ तुम्हारे बाल बच्चे दूध पियेगे । यहां तो श्रद्धालू लोग और दे जायेंगे । यह वचन चोरों के दिल पर घाव कर गये तथा उनका नीच (चोर) मन परिवर्तित हो गया । बार-बार क्षमा याचना करने पर भाई जी इस शर्त पर रज़ामद हुए कि व लोग आगे से चोरी नहीं करेंगे । सभी चोरो ने सहर्ष स्वीकार किया । भविष्य में चोरी न करने का प्रण किया और सत संगत करने का संकल्प लिया । इस तरह परोपकारी आत्मा ने चोरों से चोरी का धन्धा छुड़ा कर उन्हें सदाचारी व सत्संगी बना दिया ।

लाहौर में रावी के किनारे भाई अड्डण सहिब का सेवा स्थान (टिकाणा) दूर-दूर तक प्रसिद्व हो गया । हर समय दो अढ़ाई सौ साधु महात्मा वहां पर रहते । सवेरे शाम कथा कीर्तन व सत्संग का प्रवाह चलने लगा । नाम रस के अभिलाषी सेवकों और जिज्ञासुओं की भीड़ हर समय वहां उपस्थित रहती ।

इसी बीच एक नास्तिक व तर्कवादी नौजवान भी वहां आने लगा । वह हर समय यही कहता कि यह सब पांखड है, दिखावा है, लोगों को लूटने का ढकवंज है । कोई भगवान परमात्मा नहीं है । यह सब धोखेबाजी और मुफ्त खोरे साधुओं का मकड़जाल है ।

यदि परमात्मा है तो कोई बताये कि वह कहां है ? कैसा है ? क्या करता है ? यह यह सब अपने आप हो रहा है, कोई कर्ता नही है । संसार अपने आप चल रहा है । इसे कोई नहीं चला रहा है ।

सेवादार सत्संगी इसकी हर रोज़ की किन्तु-परन्तु और तर्क -वितर्क से तंग आ गये । कुछ एक तो उस से लड़ने झगडने को भी तैयार हो गये । भाई जी

ने समझाया कि यह भृष्ट व्यक्ति (गुमराह आदमी) है इसे लड़ कर नहीं युक्ति से समझाना होगा । यह अवश्य समझ जायेगा, सही रास्ते पर आ जायेगा । भाई जी ने अपने एक सेवक को समझाया कि तुम कल सत्संग में देरी से आना कारण पूछने पर कहना कि मैं एक तमाशे देखता रहा हूं । एक नाव अपने आप नदी में चल रही थी । नावक के बिना यात्रियों को एक किनारे से ले जाकर दूसरे किनारे छोड़, वहां से यात्री लाकर इस किनारे उतार देती थी । यही देखते -2 लेट हो गया । इसी तरह हुआ । वह सत्संगी दूसरे दिन देरी से आया । भाई जी के कारण पूछने पर उसने नौका के तमाशे वाली सारी वार्ता कह सुनाई । वह नास्तिक नौजवान भड़क उठा, झूठा ! बिल्कुल झूठ ! यह तो गप्प हांक रहा है बिना मल्लाह के किश्ती यात्री ढो रही है । यह असम्भव है, बकवास है, कोरा झूठ है, अत्कथनी है । ऐसा हो ही नहीं सकता वह बोले जा रहा था । शान्ति स्वरूप, प्यार मूर्ति भाई अड्डण साहिब ने कहा कि यह ठीक कह रहें है बिना नावक के नाव नहीं चल सकती यदि लकड़ी की बनी छोटी सी नाव अपने आप नहीं चल सकती तो इतनी बड़ी सृष्टि अपने आप कैसे चल रही है ? संसार में इतना कुछ अपने आप कैसे हो रहा है ? इस सारी रचना को अवश्य कोई रचने वाला और चलाने वाला होगा , और है ? उसी सर्व श्रेष्ठ और सर्वशक्तिमान को भक्त जन भगवान कहते हैं ।

भाई जी की यह बात सुन कर वह नास्तिक तर्कवादी नौजवान एकदम सहमत हो गया । वह सोचने लगा कि यदि एक लकड़ी की नौका नावक के बिना नहीं चल सकती तो इतने बड़े विश्व को अवश्य कोई चलाने और सभालने वाला है । यह सत्य उसके मन ने मान लिया 'कहो कबीर मन मानिया-मानिया तो हरि जानिया' ।

अब उस नौजवान का सिर भाई अड्डण साहिब के चरणों पर था और आखों से आसुओं की धारा बह रही थी । वह कहे जा रहा था क्षमा करों । सन्त जी ! क्षमा करो ! मैं पापी हूं । मैं ने कितने भक्तों को व्यर्थ ही परेशान किया है । मैं अपराधी हूं । मुझे क्षमा करों भाई जी ने उसे उठा कर अपनी छाती से लगाया, प्यार दिया और अपनी कृपा दृष्टि से उसे 'नदरी नदर निहाल' कर दिया । उसकी सोई अन्तरआत्मा को जगा दिया उसका जीवन बदल दिया उसके विचार बदल दिये और उसका स्वभाव बदल दिया । अब वह नौजवान सेवा सिमरण में जुट गया । निर्मल और निष्कपट सन्त बन कर उसने कई भटके लोगों का मार्ग दर्शन किया ।

इस तरह भाई अड्डण साहिब ने अपने जीवन में अनेकों भूले भटकों, चोर नास्तिक न पथ भृष्ठ लोगों को अपने व्यक्तित्व, सेवा भाव और निम्रता द्वारा नेक, सत्संगी व गुरमुख बनाया । वास्तव में सन्त पुरुषों की संसार समाज और मानवता को यही अमुल्य देन होती है ।

# ਵਿਸਾਖੀ ਦੀ ਮਹਾਨਤਾ ਤੇ ਯੋਗਦਾਨ

ਪ੍ਰੋ: ਜਗਿੰਦਰ ਸਿੰਘ ਦਿੱਲੀ

''ਵਿਸਾਖੀ'' ਭਾਰਤੀਆਂ ਲਈ ਭਾਵੇਂ ਮੰਗਲਮਈ ਅਤੇ ਖੁਸ਼ਹਾਲੀ ਦਾ ਦਿਵਸ ਹੈ, ਪਰ ਸਿੱਖ ਸਾਹਿਤ ਸਿੱਖ ਇਤਿਹਾਸ ਤੇ ਸਿੱਖ ਪੰਥ ਵਿੱਚ ਵਿਸਾਖੀ ਦੀ ਵਿਸ਼ੇਸ਼ ਮਹਾਨਤਾ ਵੀ ਹੈ ਅਤੇ ਅਦੁੱਤੀ ਯੋਗਦਾਨ ਹੈ। ਜੇ ਇਹ ਆਖਿਆ ਜਾਵੇ, ਕਿ ਸਿੱਖ ਧਰਮ ਦੀ ਸੰਪੂਰਨ ਉਸਾਰੀ, ਸਿੱਖ ਪੰਥ ਦੀ ਸ਼ਕਤੀ ਤੇ ਹਸਤੀ ਦਾ ਪ੍ਰਗਟਾਅ ਵਿਸਾਖੀ ਦੇ ਪਰਛਾਵੇਂ ਥੱਲੇ ਹੀ ਹੋਇਆ ਹੈ, ਤਾਂ ਇਸ ਵਿਚ ਇਤਿਹਾਸਕ ਸੱਚ ਹੈ। ਜਿਵੇ ਸੂਰਜ ਦੀ ਗਤੀ ਅਨੁਸਾਰ ਵੈਸਾਖ ਦੇ ਪਹਿਲੇ ਦਿਨ (ਸੰਕ੍ਰਾਂਤੀ) ਨੂੰ ਵਿਸਾਖੀ ਆਖਿਆ ਜਾਂਦਾ ਹੈ। ਬਿਲਕੁਲ ਇਸੇ ਭਾਵਨਾ ਵਿਚ ਵਿਸਾਖੀ ਦਿਵਸ ਉਤੇ 'ਸਿੱਖ' ਸੂਰਜ ਵਾਂਗ ਗੁਰੂ-ਤੇਜ ਪ੍ਰਾਪਤ ਕਰਕੇ ਖ਼ਾਲਸਈ ਰੂਪ-ਸਰੂਪ ਵਿਚ ਉਜਾਗਰ ਹੁੰਦਾ ਹੈ। 'ਸੂਰਜ' ਦਾ ਪ੍ਰਤੀਕ ਵਿਆਪਕ ਪੱਧਰ ਉਤੇ ਗੁਰੂ ਜਾਂ ਗੁਰੂ ਦੇ ਗਿਆਨ-ਪ੍ਰਕਾਸ਼ ਵਾਸਤੇ ਹੀ ਵਰਤਿਆ ਜਾਂਦਾ ਹੈ।

**ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ॥**

ਸੂਰਜ ਦੇ ਪ੍ਰਕਾਸ਼ਮਾਨ ਹੋਣ ਨਾਲ, ਜਿਵੇਂ ਹਰ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੁੰਦਾ ਹੈ। ਇਸੇ ਤਰ੍ਹਾਂ ੧੬੯੯ ਦੀ ਵਿਸਾਖੀ ਨੂੰ ਸੂਰਜ ਦੇ ਗਿਆਨ ਪ੍ਰਕਾਸ਼ ਵਾਂਗ 'ਸਿੱਖ' ਦੇ ਖ਼ਾਲਸਈ ਗਿਆਨ-ਪ੍ਰਕਾਸ਼ ਨਾਲ, ਅੰਦਰੋਂ -ਬਾਹਰੋਂ, ਏਕਤਾ ਤੇ ਬਰਾਬਰਤਾ, ਸਾਵਧਾਨਤਾ ਤੇ ਸਮਰਪਿਤ, ਸਹਿਜ ਤੇ ਮਰਦਾਨਗੀ ਦੀ ਬਿਰਤੀ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ, ਧਰਮ-ਜਗਤ ਵਿਚ ਜਿਵੇਂ ਸਥਾਪਿਤ ਕੀਤਾ ਹੈ ਅਤੇ ਜਿਵੇਂ ਵਿਲੱਖਣ ਹੋਣ ਦਾ ਪ੍ਰਮਾਣ ਨਿਸਚਿਤ ਕੀਤਾ ਹੈ, ਨਿਸਚੇ ਹੀ 'ਖਾਲਸੇ ਦਾ ਸਿਰਜਨਾਤਮਿਕ ਮੰਡਲ' ਮਹਾਨਤਾ ਪੱਖੋਂ ਵੀ ਅਤੇ ਯੋਗਦਾਨ ਪੱਖੋਂ ਵੀ 'ਵਿਸਾਖੀ' ਨਾਲ ਜੁੜ ਗਿਆ ਹੈ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਿਛੋਂ 'ਵਿਸਾਖੀ' ਇਸ 'ਮੰਗਲਮਈ ਦਿਵਸ' ਵਜੋਂ ਹੀ ਨਹੀਂ, ਸਗੋਂ ਖ਼ਾਲਸੇ ਦੀ ਸਿਰਜਨਾ, ਰਾਜ-ਸਥਾਪਤੀ ਤੇ ਪੰਥ ਦੀ ਚੜ੍ਹਦੀ ਕਲਾ ਦੇ ਸਰੋਤ ਵਜੋਂ ਵੀ ਖ਼ਾਸ ਤੌਰ 'ਤੇ ਸਾਰੇ ਪੰਜਾਬ ਵਿਚ ਮਨਾਈ ਜਾਂਦੀ ਰਹੀ ਹੈ। ਖ਼ਾਲਸਈ ਇਤਿਹਾਸ ਦੀਆਂ ਇਕ ਨਹੀਂ, ਅਨੇਕਾਂ ਘਟਨਾਵਾਂ ਵਿਸਾਖੀ ਨਾਲ ਜੁੜੀਆਂ ਹੋਈਆਂ ਹਨ। ਇੰਜ ਜਾਪਦਾ ਹੈ ਕਿ 'ਵਿਸਾਖੀ' ਅਧਿਆਤਮਿਕ ਅਤੇ ਸੂਰਬੀਰਤਾ ਪੱਖੋਂ ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਪੰਥ ਨਾਲ ਇੰਨੀ ਡੂੰਘੀ ਤੇ ਸਥਾਈ ਸਾਂਝ ਪਾ ਚੁੱਕੀ ਹੈ, ਕਿ 'ਵਿਸਾਖੀ' ਮੰਗਲਮਈ ਦਿਵਸ ਦੀ ਥਾਂ ਖ਼ਾਲਸੇ ਲਈ ਇਕ 'ਗੁਰੂ-ਪੁਰਬ' ਦਾ ਰੂਪ ਧਾਰਨ ਕਰ ਗਈ ਹੈ। ਇਹੀ ਕਾਰਨ ਹੈ ਕਿ ਪਾਤਿਸ਼ਾਹੀ ੯ਵੀਂ ਅਤੇ ੧੦ਵੀਂ ਦੇ 'ਸਫ਼ਰਾਂ ਦੀ ਪੋਥੀ' ਵਿਚ ਕੈਂਥਲ ਦੇ ਇਕ ਸਿੱਖ ਦੇ ਪ੍ਰਸ਼ਨ ''ਗੁਰੂ-ਪੂਜਾ' ਦਾ ਗੁਰਪੁਰਬ ਕਿਹੜਾ

ਹੈ ? ਦੇ ਉੱਤਰ ਵਿਚ ੯ ਵੀ ਪਾਤਸ਼ਾਹੀ ਦੇ ਮੁਖ਼ਾਰਬਿੰਦ ਤੋਂ ਅਖਵਾਇਆ ਗਿਆ ਹੈ, 'ਪ੍ਰਿਥਮੈਂ ਤਾਂ 'ਵਿਸਾਖੀ' ਗੁਰੂ-ਪੂਜਾ ਦਾ ਦਿਨ ਹੈ। 'ਵਿਸਾਖੀ-ਪੁਰਬ' ਸੱਚਮੁੱਚ ਗੁਰੂ-ਪ੍ਰਕਾਸ਼ ਪਛਾਣਨ ਤੇ ਖ਼ਾਲਸਈ ਰੂਪ ਪ੍ਰਾਪਤ ਕਰਨ ਦਾ ਪ੍ਰੇਰਨਾ-ਸਰੋਤ ਹੈ।

'ਵਿਸਾਖੀ' ਸੰਕ੍ਰਾਂਤੀ ਦਿਨ ਵਜੋਂ ਭਾਰਤੀ ਜੀਵਨ ਵਿਚ ਸਦੀਆਂ ਤੋਂ ਪਰਵਾਨ ਵੀ ਸੀ ਦੇ ਸਾਲ ਦੇ ੩੬੫ ਦਿਨਾਂ ਵਿਚੋਂ ਪਵਿੱਤਰ ਤੇ ਮੰਗਲਮਈ ਵੀ ਸਵੀਕਾਰਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਕਰਮਵਾਰ' ਤੁਖਾਰੀ ਬਾਰਹ ਮਾਹਾ ਤੇ 'ਬਾਰਹ ਮਾਹਾ ਮਾਂਝ' ਵਿਚ ਵੈਸਾਖ-ਮਹੀਨੇ ਦਾ ਜੋ ਉਦੇਸ਼ ਤੇ ਚਰਿੱਤਰ ਮੂਰਤੀਮਾਨ ਕੀਤਾ ਹੈ -

**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥**

ਅਰਥਾਤ 'ਮਨੁੱਖੀ ਸੁਰਤਿ ਜੇ ਸ਼ਬਦ ਵਿਚ ਵਿਲੀਣ ਹੋ, ਇਕ ਰੂਪਤਾ ਪ੍ਰਾਪਤ ਕਰ ਲਵੇ, ਤਾਂ ਵੈਸਾਖ ਦਾ ਮਹੀਨਾ ਅਧਿਆਤਮਿਕ ਦ੍ਰਿਸ਼ਟੀ ਤੋਂ 'ਪ੍ਰਭੂ-ਭਾਵੈਂ ਜਾਂ ਅਨੰਦ-ਆਤਮਿਕ ਅਵਸਥਾ ਵਾਲਾ ਹੋ ਸਕਦਾ ਹੈ।

**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥**

ਅਰਥਾਤ ਵੈਸਾਖ ਦੇ ਮਹੀਨੇ ਮਨੁੱਖ 'ਮਾਇਆ ਮੋਹ' ਤੇ 'ਝੂਠੇ ਧੰਧੇ ਮੋਹੁ' ਦੀ ਪਕੜ ਛੱਡ ਕੇ, ਜੋ ਅਧਿਆਤਮਕ ਪੱਧਰ ਉਤੇ ਪ੍ਰਭੂ ਸੰਤਾਂ ਦੀ ਸੰਗਤ ਮਾਣੇ ਤਾਂ ਨਿਸਚੇ ਹੀ ਵੈਸਾਖ ਸੁਹਾਵਾ ਹੋ ਜਾਵੇਗਾ। ਸਪਸ਼ਟ ਹੈ ਕਿ ਵੈਸਾਖ ਮਹੀਨੇ ਦੀ ਪਰੰਪਰਾਗਤ ਅਧਿਆਤਮਕ ਪਵਿੱਤਰਤਾ, ਮਾਇਆ ਤੇ ਝੂਠੇ ਧੰਦਿਆਂ ਦੇ ਮੋਹ ਦਾ ਤਿਆਗ ਤੇ ਪਭੂ-ਗੁਰੂ-ਸੰਤਾਂ ਦੀ ਸੰਗਤਿ ਇਹ-ਸਾਰੀ ਅਧਿਆਤਮਕ ਭਾਵਨਾ ਅਤੇ ਗੁਣ ਪਛਾਣ ਹੀ ਵਿਸਾਖੀ ਦੀ ਵਿਸ਼ੇਸ਼ਤਾ ਹੈ। ਵਿਸਾਖੀ ਦੀਆਂ ਅਧਿਆਤਮਕ ਜੜ੍ਹਾਂ ਵੈਸਾਖ ਦੇ ਚਰਿੱਤਰ ਵਿੱਚ ਹਨ ਅਤੇ ਵੈਸਾਖ ਦੇ ਅਧਿਆਤਮਕ ਚਰਿਤਰ ਵਿੱਚੋਂ ਆਪਣੇ ਆਪ ਨੂੰ ਘੜ ਕੇ ਜਦੋਂ ਸਿੱਖ ਅਜਿਹੀ ਸਾਂਝ ਪਾ ਲੈਂਦਾ ਹੈ ਕਿ ਜੇ ਗੁਰੂ ਸੀਸ ਮੰਗਦਾ ਹੈ ਤਾਂ ਸੀਸ ਭੇਟ ਕਰਨ ਲਈ ਤਿਆਰ ਹੋ ਜਾਂਦਾ ਹੈ। ਜੇ ਗੁਰੂ 'ਪਿਆਰਾ' ਕਹਿਣ ਦਾ ਮਾਣ ਦਿੰਦਾ ਹੈ ਤਾਂ 'ਪਿਆਰਾ' ਹੋਣ ਵਿੱਚ ਗੌਰਵ ਅਨੁਭਵ ਕਰਦਾ ਹੈ। ਜੇ ਗੁਰੂ 'ਅਮ੍ਰਿਤ' ਛਕਾ ਕੇ ਅੰਤਰ ਤੇ ਅਣਖ ਬੋਧ ਕਰਾਉਂਦਾ ਹੈ ਤਾਂ ਜਾਗਦਾ ਯੋਧਾ ਬਣ ਜਾਂਦਾ ਹੈ, ਜੇ ਗੁਰੂ 'ਗੁਰੂ- ਚੇਲੇ' ਦਾ ਵੰਡ ਵਿਤਕਰਾ ਮਿਟਾ ਕੇ ਬਰਾਬਰ ਹੋਣ ਦਾ ਅਧਿਕਾਰ ਹੀ ਨਹੀਂ, ਸਗੋਂ ਧਰਮ ਚਲਾਵਣ, ਸੰਤ ਉਬਾਰਨ, ਤੇ ਦੁਸ਼ਟ ਸਭਨ ਨੂੰ ਮੂਲ ਉਪਾਰਨ ਦਾ ਵਰਦਾਨ ਦਿੰਦਾ ਹੈ ,ਤਾਂ ਖਾਲਸਾ ਸਾਰੀ ਜ਼ਿੰਦਗੀ ਇਹਨਾਂ ਆਦਰਸ਼ਾਂ ਨਮਿਤ ਹੀ ਜਿਊਣ ਦਾ ਪ੍ਰਣ ਕਰ ਲੈਂਦਾ ਹੈ। ਵੈਸਾਖ ਮਹੀਨੇ ਦੀ ਵਿਸਾਖੀ ਕੋਈ ਹੋਵੇ, ਹਰ ਵਿਸਾਖੀ ਸਿੱਖੀ ਆਦਰਸ਼ਾਂ ਤੇ ਖ਼ਾਲਸਾ-ਵਰਦਾਨਾਂ ਦੀ ਪ੍ਰਾਪਤੀ ਨਾਲ ਜੁੜੀ ਹੋਈ ਹੈ। ਇਹੀ ਕਾਰਨ ਕਿ ਗੁਰੂ-ਜੀਵਨ ਤੇ ਸਿੱਖ ਇਤਿਹਾਸ ਦੀਆਂ ਅਨੇਕ ਘਟਨਾਵਾਂ ਤੇ ਕਈ ਪ੍ਰਾਪਤੀਆਂ ਵਿਸਾਖੀ ਨਾਲ ਸਹਿਜੇ ਹੀ ਜੁੜ ਗਈਆਂ

ਹਨ, ਜਿਨ੍ਹਾਂ ਕਾਰਨ ਪੰਜਾਬ ਵਿਚ ਹੀ ਨਹੀਂ ਸਗੋਂ ਇਤਿਹਾਸ ਵਿਚ ਵੀ ਵਿਸਾਖੀ ਦੀ ਮਹਾਨਤਾ ਹੋਰ ਵਧ ਗਈ ਹੈ।

ਸਿੱਖ ਧਰਮ ਦਾ ਜਨਮ-ਦਾਤਾ ਜਾਂ ਸਿਰਜਨਹਾਰ ਗੁਰੂ ਨਾਨਕ ਦੇਵ ਜੀ ਨੂੰ ਸਵੀਕਾਰ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ ਭਾਵੇਂ ਸਾਰਾ ਸਿੱਖ ਜਗਤ ਕੱਤਕ ਨੂੰ ਮਨਾਉਂਦਾ ਹੈ , ਪਰ ਇਤਿਹਾਸ ਸਾਖਸ਼ੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਵੈਸਾਖ ਵਿਚ ਹੁੰਦਾ ਹੈ। ਵੈਸਾਖ ਮਹੀਨੇ ਵਿਚ ਪ੍ਰਗਟ ਹੋਣ ਕਾਰਨ ਹੀ ਗੁਰੂ-ਪਰੰਪਰਾ ਵੈਸਾਖ ਜਾਂ ਵਿਸਾਖੀ ਦੇ ਨੇੜੇ ਹੋ ਗਈ। ਕੁਝ ਵਿਦਵਾਨਾਂ ਦਾ ਤਾਂ ਸਪਸ਼ੱਟ ਨਿਰਣਾ ਵੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਦਿਨ ਵਿਸਾਖੀ ਹੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਮਹੱਤਵਪੂਰਨ ਕਈ ਘਟਨਾਵਾਂ ਨੂੰ ਵੀ ਵਿਸਾਖੀ-ਦਿਵਸ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਦੇਵ ਜੀ ਨੇ ਲਹਿੰਦੇ ਵੱਲ ਪਾਣੀ ਦੇ ਕੇ, ਪਿੱਤਰਾਂ ਨੂੰ ਪਹੁੰਚਣ ਵਾਲੇ ਪਾਣੀ ਸੰਬੰਧੀ ਪਏ ਭਰਮ ਜਾਲ ਨੂੰ ਤੋੜਿਆ ਸੀ। ਗੁਰੂ ਅਮਰਦਾਸ ਜੀ ਵੱਲੋਂ ਗੋਇੰਦਵਾਲ ਵਿਖੇ ਬਣ ਰਹੀ ਬਾਉਲੀ ਦਾ ਕੜ ਵੀ ਵਿਸਾਖੀ ਵਾਲੇ ਦਿਨ ਹੀ ਟੁੱਟਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜੋਤੀ-ਜੋਤਿ ਸਮਾਉਣ ਵੇਲੇ ਬਾਬਾ ਬਕਾਲੇ ਦਾ ਸੰਕੇਤ ਉਜਾਗਰ ਕਰਨਾ, ਇਹ ਵੀ ਵਿਸਾਖੀ ਦਿਨ ਨਾਲ ਹੀ ਜੋੜਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਗੁਰੂ ਗੋਬਿੰਦ ਸਿੰਘ ਦਾ ਗੁਰੂ-ਸਿੰਘਾਸਨ ਉੱਤੇ ਬੈਠਣ ਦਾ ਦਿਨ ਵੀ ਵੈਸਾਖੀ ਹੀ ਸਵੀਕਾਰ ਕੀਤਾ ਜਾਂਦਾ ਹੈ। ਖ਼ਾਲਸੇ ਦਾ ਰਚਨ-ਦਿਵਸ ਵਿਸਾਖੀ ੧੬੯੯ ਤਾਂ ਜਗਤ ਪ੍ਰਸਿੱਧ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਵਿਸਾਖੀ ਨੂੰ ਮੰਗਲਮਈ ਦਿਵਸ ਪਛਾਣ ਕੇ ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਆਇਆ ਸੀ ਤੇ ਅਖ਼ੀਰ ਸਾਰੀ ਜ਼ਿੰਦਗੀ ਗੁਰੂ ਦਰਬਾਰ ਜੋਗਾ ਹੀ ਹੋ ਗਿਆ ਸੀ। 'ਆਦਿ ਗ੍ਰੰਥ' ਬਾਰੇ ਸਭ ਨੂੰ ਪਤਾ ਹੈ,ਕਿ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ ਸੀ, ਪਰ ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਬੋ ਦੀ ਤਲਵੰਡੀ ਬੈਠ ਕੇ 'ਆਦਿ ਗ੍ਰੰਥ' ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚੜ੍ਹਾ ਕੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਹੋਣ ਦਾ ਐਲਾਨ ਕੀਤਾ ਸੀ, ਤਾਂ ਉਹ ਦਿਨ ਵੀ ਵਿਸਾਖੀ ਵਾਲਾ ਹੀ ਸੀ ਹੈ। ਇੰਜ਼ ਜਾਪਦਾ ਹੈ ਕਿ ਗੁਰੂ ਇਤਿਹਾਸ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ 'ਵਿਸਾਖੀ ਇਕ ਪਵਿੱਤਰ ਤੇ ਮੰਗਲਮਈ ਦਿਵਸ ਹੀ ਨਹੀਂ ਸੀ, ਸਗੋਂ ਸਿੱਖੀ ਤੇ ਖ਼ਾਲਸਈ ਆਦਰਸ਼ਾਂ ਨੂੰ ਉਜਾਗਰ ਵਿਚ ਪ੍ਰੇਰਨਾਮਈ ਸਰੋਤ ਵੀ ਬਣ ਗਿਆ ਸੀ।

ਸਿੱਖ ਧਰਮ ਤੇ ਸਿੱਖ ਇਤਿਹਾਸ ਨਾਲ ਜੁੜੇ ਵਿਸਾਖੀ-ਦਿਵਸਾਂ ਵਿਚੋਂ ੧੬੯੯ ਦੀ ਵਿਸਾਖੀ ਜਗਤ-ਪ੍ਰਸਿੱਧ ਵੀ ਹੈ, ਧਰਮਾਂ ਤੇ ਕੌਮਾਂ ਦੇ ਇਤਿਹਾਸ ਵਿਚ ਇਕ ਨਿਆਰੇ

ਤੇ ਮੌਲਿਕ ਸਰੂਪ ਵਿਚ ਸਿਰਜ ਕੇ,ਖਾਲਸਾ ਪੰਥ ਦੀ ਸੁਤੰਤਰ ਹਸਤੀ ਨੂੰ ਸਥਾਪਿਤ ਕਰਨ ਵਾਲੀ ਵੀ ਹੈ। ਦਸਾਂ ਗੁਰੂਆਂ ਦਾ ਜੀਵਨ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗਵਾਹ ਹੈ ਕਿ ਪੰਜਾਬ-ਭਾਰਤ ਦੇ ਹਿੰਦੂ ਤੇ ਮੁਸਲਮਾਨ ਧਰਮਾਂ ਸਰੂਪਾਂ,ਚਿੰਤਨ ਧਰਾਵਾਂ,ਸਮਾਜਿਕ ਰਸਮਾਂ-ਰੀਤਾਂ,ਸੱਭਿਆਚਾਰਾਂ ਤੇ ਰਾਜਨੀਤਿਕ ਦ੍ਰਿਸ਼ਟੀਕੋਣਾਂ ਵਿੱਚ ਸਿੱਖ ਤੇ ਸਿੱਖੀ ਦੀ ਹਰ ਪੱਖੋਂ ਨਿਆਰੀ ਤੇ ਸੁਤੰਤਰ ਪਛਾਣ ਉਭਰ ਰਹੀ ਸੀ। ਜੇ ਹਿੰਦੂ ਵੇਦਾਂ,ਵਰਨਾਂ,ਜਾਤਾਂ,ਪੂਜਾ-ਵਿਧੀਆਂ ਤੇ ਰੂਪਾਂ ਦੀਆਂ ਵੰਡੀਆਂ ਵਿਚ ਵਿਚਰ ਰਿਹਾ ਸੀ ਤਾਂ ਮੁਸਲਮਾਨ ਵੀ ਕਤੇਬਾਂ ,ਨੀਲੇ ਪਹਿਰਾਵੇ ਨਿਮਾਜ਼ ਤੇ ਇਸਲਾਮੀ ਰਾਜ ਦੀ ਸਥਾਪਤੀ ਵਾਸਤੇ ਜ਼ੋਰ-ਜ਼ੁਲਮ ਦਾ ਪ੍ਰਗਟਾਵਾ ਕਰ ਰਿਹਾ ਸੀ। ਗੁਰੂ ਸਾਹਿਬਾਨ ਨੇ ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਜਿਸ ਜੀਵਨ-ਰਸਤੇ ਤੇ ਅਧਿਆਤਮਕ ਸੋਚ ਦਾ ਪ੍ਰਗਟਾਵਾ ਕੀਤਾ,ਉਸ ਵਿਚ ਪ੍ਰਥਮ ਸਥਾਨ ਹਿੰਦੂ ਜਾਂ ਮੁਸਲਮਾਨ ਹੋਣ ਦਾ ਨਹੀ ਸੀ , ਉਸਦਾ ਸਾਰਾ ਬਲ ਸ਼ੁਭ ਅਮਲ ਅਤੇ ਨੀਅਤ ਰਾਸਿ ਉਤੇ ਸੀ। ਗੁਰੂ ਸਾਹਿਬਾਨ ਦਾ ਦ੍ਰਿੜ ਨਿਸਚਾ ਸੀ ਕਿ ਰੱਬੀ ਦਰਗਾਹ ਵਿਚ ਪਰਵਾਨਗੀ ਸ਼ੁੱਭ ਅਮਲ ਤੇ ਨੀਅਤ ਰਾਸਿ ਵਾਲੇ ਦੀ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਮਨੁੱਖ ਨੂੰ ਹਉਮੈ-ਹੰਕਾਰ, ਲੋਭ -ਲਾਲਚ , ਜ਼ੋਰ- ਜ਼ੁਲਮ , ਵੰਡ -ਵਿਤਕਰੇ, ਰਸਮਾਂ -ਰੀਤਾਂ, ਪਾਪ-ਪਾਖੰਡ ਤੇ ਰੂਪਾਂ-ਵਿਖੇਵਿਆ ਤੋਂ ਮੁਕਤ ਹੋਣ ਵਾਸਤੇ ਜਿੱਥੇ ਪ੍ਰੇਰਦੀ ਹੈ, ਉਥੇ ਨਾਮ ਸਿਮਰਨ, ਨਿਮ੍ਰਤਾ-ਮਿੱਠਤ , ਸੇਵਾ- ਉਪਕਾਰ ਗੁਣ ਤੇ ਗਿਆਨ-ਪ੍ਰਕਾਸ਼ ਏਕਤਾ ਤੇ ਸਦਭਾਵਨਾ ਸਹਿਜ ਤੇ ਅਨੰਦ ਵਿੱਚ ਜਿਊਣ ਦਾ ਅਧਿਕਾਰ ਅਤੇ ਆਦੇਸ਼ ਦਿੰਦੀ ਹੈ। ਗੁਰੂਆਂ ਦੀ ਜਿਊਣ-ਵਿਧੀ ਵਿਚ ਜ਼ਾਤੀ ਪੱਧਰ ਉਤੇ ਕੋਈ ਵੀ ਵਿਰੋਧ, ਵੰਡ ਤੇ ਵਿਤਕਰਾ ਸਵੀਕਾਰ ਨਹੀਂ। ਸਾਰੀ ਮਾਨਵਤਾ ਨੂੰ ਅਧਿਆਤਮਕ ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ ਖੇਤਰ ਵਿਚ ਬਰਾਬਰ ਅਧਿਕਾਰ ਪ੍ਰਾਪਤ ਹਨ। ਇਹਨਾਂ ਬਰਾਬਰ ਅਧਿਕਾਰਾਂ ਵਿੱਚੋਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਸੁਰ ਸਹਿਜੇ ਹੀ ਉੱਚਾ, ਹੋਰ ਉੱਚਾ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ 'ਨਾ ਡਰੋ ਅਤੇ ਨਾ ਕਿਸੇ ਨੂੰ ਡਰਾਓ'। ਧਰਮ ਤੇ ਪ੍ਰੇਮ ਨਮਿਤ ਸੀਸ ਦੇਣ ਦੀ ਭਾਵਨਾ ਵੀ ਉਜਾਗਰ ਹੋਣ ਲੱਗ ਪਈ। ਗੁਰੂ ਤੇਗ ਬਹਾਦਰ ਜੀ ਨੇ ਮਾਨਵ- ਪ੍ਰੇਮ ਦੀ ਆਜ਼ਾਦੀ ਤੇ ਧਰਮ ਦੀ ਸੁਰੱਖਿਆ ਵਾਸਤੇ ਦਿੱਲੀ ਵਿਚ ਸੀਸ ਕਟਵਾ ਕੇ ਸਾਬਤ ਵੀ ਕਰ ਦਿੱਤਾ ਕਿ ਗੁਰੂ ਤੇ ਸਿੱਖ ਧਰਮ ਨੂੰ ਚਲਾਉਣ , ਸੰਤ ਬਿਰਤੀ ਨੂੰ ਉਬਾਰਨ ਤੇ ਦੁਸ਼ਟਾਂ-ਜ਼ਾਲਮਾਂ ਨੂੰ ਜੜ੍ਹੋਂ ਪੁੱਟਣ ਲਈ ਸੀਸ ਵਾਰ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸ਼ੁਭ ਕਰਮਨ, ਨਾ ਡਰੋਂ ਤੇ ਜੂਝ ਮਰੋਂ ਦੇ ਵਰਦਾਨ ਵੀ ਅਕਾਲ ਪੁਰਖ ਕੋਲੋਂ ਮੰਗਣੇ ਸ਼ੁਰੂ ਕਰ ਦਿੱਤੇ। ੧੬੯੯ ਈ: ਦੀ ਵਿਸਾਖੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਮਿਆਨ ਵਿਚੋਂ ਸ੍ਰੀ ਸਾਹਿਬ ਕੱਢ ਕੇ, ਸੀਸ ਮੰਗਣ ਦੀ ਕ੍ਰਿਆ ਦਾ ਜੋ ਪ੍ਰਗਟਾਵਾ ਕੀਤਾ, ਉਹ ਅਚਾਨਕ ਨਹੀਂ ਸੀ, ਇਸ ਕ੍ਰਿਆ ਪਿਛੋਂ 'ਸਿੱਖੀ -ਸਿਰਜਨਾਂ' ਦੀ

ਪਰਖ -ਪ੍ਰੀਖਿਆ ਸੀ ਕਿ ਜਿਹੜਾ ਗੁਰੂ ਦਾ ਸਿੱਖ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਕਦੀ ਪਾਠ ਦੁਆਰਾ ਤੇ ਕਦੀ ਵਾਕ ਦੁਆਰਾ ਪੜ੍ਹ -ਸੁਣ ਰਿਹਾ ਹੈ।

**੧. ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥**

**੨. ਜਉ ਤਉ ਪ੍ਰੇਮ ਖੇਲਨ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰ ਦੀਜੈ ਕਾਣਿ ਨ ਕੀਜੈ ॥**

**੩. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**

**੪. ਮਰਣੁ ਮੁਣਸਾ ਸੂਰਿਆ ਹਕੁ ਹੈ ॥**
**ਜੋ ਹੋਇ ਮਰਨਿ ਪਰਵਾਣੋ ॥**

**੫. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

**੬. ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ॥**

ਕੀ ਉਹ ਸਿਰਫ ਪੜ੍ਹ-ਸੁਣ ਹੀ ਰਿਹਾ ਹੈ ਜਾਂ ਜੀਵਨ ਅਮਲ ਤੇ ਕਰਮ ਵਿਚ ਕਮਾ ਕੇ 'ਨੀਅਤ ਰਾਸਿ' ਹੋਣ ਦਾ ਪ੍ਰਗਟਾਵਾ ਵੀ ਕਰ ਰਿਹਾ ਹੈ। ਸਿੱਖ ਧਰਮ, ਸਿੱਖ ਇਤਿਹਾਸ ਤੇ ਸਿੱਖ ਪੰਥ ਵਿਚ ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਮੰਨ ਕੇ ਪਹਿਲਾ ਵਾਰੀ-ਵਾਰੀ ਪੰਜ ਸੀਸ ਭੇਂਟ ਕੀਤੇ, ਫਿਰ ਗੁਰੂ ਕੋਲੋਂ ਹੀ ਪੰਜ ਪਿਆਰੇ ਹੋਣ ਦਾ ਮਾਣ ਪ੍ਰਾਪਤ ਕੀਤਾ। ਨਿਸਚੇ ਹੀ ਗੁਰੂ ਪਰੰਪਰਾ ਦੀ ਦ੍ਰਿਸ਼ਟੀ ਵਿਚ ਸਿੱਖੀ ਧਰਮ ਪਰੀਖਿਆ ਵਿਚੋਂ ਪਾਸ ਹੋ ਗਏ। ਪਾਸ ਤੇ ਪਰਵਾਨ ਹੋਏ ਸਿੱਖਾਂ ਨੂੰ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪ੍ਰਦਾਨ ਕਰ ਕੇ, ਜਿਥੇ ਆਪਣੇ ਖਾਲਸਈ ਰੂਪ ਵਿਚ ਸਜਾਇਆ ਤੇ ਸੰਵਾਰਿਆ, ਉਥੇ ਖਾਲਸੇ ਨੂੰ ਬੀਰਤਾ ਦਾ ਸਾਰਾ ਤੇਜ ਦੇ ਕੇ, ਉਸ ਦੀ ਮੌਲਿਕ, ਸਾਬਤ ਤੇ ਸੁੰਤਤਰ ਪੰਥਕ ਹਸਤੀ ਨੂੰ ਵੀ ਸਦਾ ਵਾਸਤੇ ਸਥਾਪਿਤ ਕਰ ਦਿੱਤਾ। ਸਿੱਖ ਨੂੰ ਪੰਥਕ ਹਸਤੀ ਦੇ ਰੂਪ ਵਿਚ ਸਿਰਜਨਾ ਤੇ ਸਾਰੇ ਸੰਸਾਰ ਵਿਚ ਉਜਗਾਰ ਕਰਨਾ, ਇਹ ਵਿਸਾਖੀ ਦਿਵਸ ਨੂੰ ਇਤਿਹਾਸਕ ਮਹਾਨਤਾ ਵੀ ਪ੍ਰਦਾਨ ਕਰਦਾ ਹੈ ਅਤੇ

ਧਰਮਾਂ ਅਤੇ ਕੌਮਾਂ ਦੇ ਇਤਿਹਾਸ ਵਿੱਚ 'ਵਿਸਾਖੀ' ਦਾ ਇਹ ਅਦੁੱਤੀ ਯੋਗਦਾਨ ਵੀ ਹੈ।

ਖਾਲਸਾ ਪੰਥ ਜਾਂ ਪੰਥਕ ਹਸਤੀ ਵਿਸਾਖੀ ਨੂੰ ਆਪਣਾ ਰਚਨ ਜਾਂ ਪ੍ਰਗਟ ਦਿਵਸ ਸਵੀਕਾਰ ਕਰਦੀ ਹੈ। ੧੬੯੯ ਦੀ ਵਿਸਾਖੀ ਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਜੋ ਖ਼ਾਲਸਈ ਸਰੂਪ ਦਿੱਤਾ ਹੈ, ਆਪਣੀ ਜਾਨ ਤੇ ਪ੍ਰਾਨ ਕਹਿਕੇ ਜੋ ਮਾਣ ਦਿੱਤਾ ਹੈ, ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕ ਕੇ ਜਿਵੇਂ ਸਦੀਆਂ ਤੋਂ ਪਰੰਪਰਾਗਤ ਰੂਪ ਵਿਚ ਸਥਾਪਿਤ ਗੁਰੂ ਚੇਲੇ ਦੇ ਫਰਕ ਤੇ ਵਿਤਕਰੇ ਨੂੰ ਮਿਟਾ ਕੇ ਏਕਤਾ ਤੇ ਲੋਕਤੰਤਰੀ ਭਾਵਨਾ ਨੂੰ ਪ੍ਰਚੰਡ ਕੀਤਾ ਹੈ, ਗੁਰੂ ਤੇ ਬਾਣੀ ਦੀ ਤਾਬਿਆ ਵਿਚ ਰਹਿ ਕੇ ਆਤਮ ਬੋਧ ਤੇ ਅਣਖ ਬੋਧ ਜਗਾ ਕੇ ਜਿਵੇ ਸਹਿਜ, ਮਰਦਾਨਗੀ ਤੇ ਚੜ੍ਹਦੀ ਕਲਾ ਦੇ ਮੰਡਲ ਵਿਚ ਜਿਊਣ ਦਾ ਆਦੇਸ਼ ਤੇ ਵਰਦਾਨ ਦਿੱਤਾ ਹੈ, ਜਿਵੇਂ ਪਿਤਾ ਗੁਰੂ ਗੋਬਿੰਦ ਸਿੰਘ , ਮਾਤਾ ਸਾਹਿਬ ਦੇਵਾਂ, ਵਾਸੀਂ ਅਨੰਦਪੁਰ ਵਿਰਸਾ ਤੇ ਰਾਸਿ ਗੁਰੂ ਸਾਹਿਬ ਤੇ ਗੁਰ-ਇਤਿਹਾਸ, ਇਹ ਸਰਬ-ਸਾਂਝਾ ਅਨੁਭਵ ਸਮੁੱਚੇ ਖਾਲਸਾ ਪੰਥ ਦਾ ਜਗਾ ਕੇ ਉਸ ਨੂੰ ਸਦਾ ਏਕਤਾ, ਬਰਾਬਰਤਾ, ਸਦਭਾਵਨਾ ਤੇ ਸਹਿਯੋਗ ਦੇ ਵਾਤਾਵਰਣ ਵਿਚ ਰਹਿਣ ਦਾ ਆਚਾਰ ਸਮਝਾਇਆ ਹੈ, ਨਿਸਚੇ ਹੀ ਜਹਾਂ-ਜਹਾਂ ਵੀ ਖਾਲਸਾ ਹੈ, ਦੇਸ਼ ਵਿਚ ਹੈ ਜਾਂ ਪ੍ਰਦੇਸ਼ ਵਿਚ ਹੈ, ਉਹ ਹਰ ਵਿਸਾਖੀ ਦੀ ਸਿਮਰਤੀ ਵੇਲੇ ੧੬੯੯ ਦੀ ਵਿਸਾਖੀ ਦੀਆਂ ਪ੍ਰਾਪਤੀਆਂ ਨਾਲ ਆਪਣੇ ਆਪ ਨੂੰ ਜੋੜ ਕੇ, ਆਪਣੇ ਮੌਲਿਕ, ਸਾਬਤ ਤੇ ਸੁੰਤਤਰ ਪੰਥਕ ਹਸਤੀ ਉਤੇ ਮੁੜ ਮਾਣ ਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਧੰਨਵਾਦ ਦੇ ਸੰਸਕਾਰ ਜੋੜ ਲੈਂਦਾ ਹੈ। ਖਾਲਸਾ ਪੰਥ ਪ੍ਰਤੀ ਉਜਾਗਰ ਹੈ ਕਿ ਉਹ ਭਾਵੇਂ ਸੰਕਟ ਵਿਚ ਸੀ, ਯੁੱਧਾਂ ਵਿਚ ਸੀ, ਘਲੂਘਾਰਿਆਂ ਵਿਚ ਸੀ, ਜੰਗਲਾਂ ਤੇ ਮਾਰੂਥਲਾਂ ਵਿਚ ਸੀ। ਉਹ ਜਿਥੇ ਵੀ ਹੁੰਦਾ ਸੀ, ਵਿਸਾਖੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚ ਕੇ ਮਨਾਉਂਦਾ ਸੀ। ੧੯੧੯ ਦਾ ਖ਼ੂਨੀ ਸਾਕਾ , ਜਿਸ ਨੂੰ ਜਲ੍ਹਿਆਂ ਵਾਲੇ ਬਾਗ ਦਾ ਇਤਿਹਾਸਕ ਸਾਕਾ ਵੀ ਆਖਿਆ ਜਾਂਦਾ ਹੈ, ਕਿਉਂਕਿ ਇਹ ਖ਼ੂਨੀ ਸਾਕਾ ਅੰਮ੍ਰਿਤਸਰ ਹੀ ਵਾਪਰਿਆ ਸੀ ਤੇ ਭਾਰਤੀ ਆਜ਼ਾਦੀ ਲਹਿਰ ਨੂੰ ਪ੍ਰਚੰਡ ਕਰਨ ਵਿਚ ਸਹਾਇਕ ਵੀ ਹੋਇਆ ਸੀ ਇਸ ਲਈ ਅਧਿਆਤਮਕ ਅਤੇ ਰਾਜਨੀਤਿਕ ਦੋਹਾਂ ਪੱਧਰਾਂ ਤੇ ਅੰਮ੍ਰਿਤਸਰ ਦੀ ਵਿਸਾਖੀ ਨੂੰ ਵਿਸ਼ੇਸ਼ ਮਾਨਤਾ ਪ੍ਰਦਾਨ ਕੀਤੀ ਜਾਂਦੀ ਹੈ। ਭਾਰਤ ਤੇ ਪੰਜਾਬ ਦੇ ਪਵਿੱਤਰ, ਮੰਗਲਮਈ ਤੇ ਇਤਿਹਾਸਕ ਦਿਵਸਾਂ ਵਿਚ ਵੀ ਵਿਸਾਖੀ ਵਿਚ ਵੀ ਵਿਸਾਖੀ ਦੀ ਜੋ ਮਹਾਨਤਾ ਤੇ ਖਾਸ ਕਰਕੇ ਖਾਲਸਾ ਪੰਥ ਅਤੇ ਭਾਰਤੀ ਆਜ਼ਾਦੀ ਲਈ ਜੋ ਯੋਗਦਾਨ ਹੈ, ਨਿਸਚੇ ਹੀ ਕੋਈ ਹੋਰ ਦਿਵਸ ਵਿਸਾਖੀ ਦੇ ਬਾਰਬਰ ਨਹੀਂ ਹੋ ਸਕਦਾ।

# ਦਫ਼ਤਰ ਵਰ-ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਇੰਚਾਰਜ: ਸ: ਅਵਤਾਰ ਸਿੰਘ ਪ੍ਰੀਤ,

ਫ਼ੋਨ: **0164-262098, 262335,** ਫੈਕਸ : **262657**

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ/ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀਂ ਜ਼ਰੂਰ ਭੇਜਣ ਦੀ ਕਿਰਪਾ ਕਰਨ।

ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਘੁਲਿਆਣੀ, B.A,P.G.D.C.A. ਉਮਰ 22 ਸਾਲ, ਕੱਦ 5'-3'' ਤਲਾਕਸ਼ੁਦਾ ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1028)
2. ਅਰੋੜਾ ਸਿੱਖ ਚੁੱਘ, M.A. II, Fashion Designing, 22 ਸਾਲ ਕੱਦ 5'5" ਲੜਕੀ ਲਈ ਯੋਗ ਵਰ ਦੀ ਲੋੜ ਹੈ (ਬਾਕਸ ਨੰ: 1029)
3. ਜੱਟ ਸਿੱਖ ਸਿੱਧੂ, +2, 32 ਸਾਲ, 5'6" (ਵਿਧਵਾ) ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1030)
4. ਅਰੋੜਾ ਸਿੱਖ ਕਾਲੜਾ, M.A, B.Ed,Computer Course, ਉਮਰ 25 ਸਾਲ, 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1031)
5. ਅਰੋੜਾ ਸਿੱਖ ਬਵੇਜਾ MSc (Math) PGDCA, 27 ਸਾਲ, 5'2" ਲੜਕੀ ਲਈ ਪੜ੍ਹੇ ਲਿਖੇ ਵਰ ਦੀ ਲੋੜ ਹੈ। (ਬਾਕਸ ਨੰ: 1032)
6. ਰਾਜਪੂਤ ਸਿਰਕੀਬੰਦ, ਅੱਠ ਪਾਸ, 18 ਸਾਲ, ਕੱਦ 5' 5" ਲੜਕੀ ਲਈ ਯੋਗ ਵਰ ਦੀ ਲੋੜ ਹੈ। (ਬਾਕਸ: ਨੰ; 1033)
7. ਖੱਤਰੀ ਉਪਲ, Under Matric, 23 ਸਾਲ, ਕੱਦ 5'5", ਲੜਕੀ ਲਈ ਅੰਮ੍ਰਿਤਧਾਰੀ ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1034)
8. ਅਰੋੜਾ ਸਿੱਖ ਖੁਰਾਣਾ, M.Com, ਉਮਰ 23 ਸਾਲ, ਕੱਦ 5'1" ਲੜਕੀ ਲਈ ਪੜ੍ਹੇ ਲਿਖੇ (ਵੈਸ਼ਨੂੰ) ਯੋਗ ਵਰ ਦੀ ਲੋੜ ਹੈ। (ਬਾਕਸ ਨੰ: 1035)
9. ਅਰੋੜਾ ਸਿੱਖ ਤਨੇਜਾ, B.A., B.Ed, ਉਮਰ 24 ਸਾਲ, ਕੱਦ 5' 4" (ਵਿਧਵਾ ਇਕ ਲੜਕਾ) ਲਈ ਯੋਗ ਵਰ ਦੀ ਲੋੜ ਹੈ। (ਬਾਕਸ ਨੰ; 1036)

# ਕੰਨਿਆਂ ਦੀ ਲੋੜ

1. ਅਰੋੜਾ ਕਾਲੜਾ ਸਹਿਜਧਾਰੀ, Matric, 27 ਸਾਲ, 5'-2" ਤਲਾਕਸ਼ੁਦਾ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2028)

2. ਅਰੋੜਾ ਸਿੱਖ ਮਦਾਨ, B.A.,24 ਸਾਲ, 5'-9", ਆਪਣਾ ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2029)

3. ਅਰੋੜਾ ਸਿੱਖ ਵਧਵਾ, M.Sc.(Math), MBA(Eng. Medium), 27 ਸਾਲ, 6" MedicalCo. ਵਿੱਚ ਸਰਵਿਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2030)

4. ਖੱਤਰੀ ਨਾਗਪਾਲ, Matric , 21 ਸਾਲ 5'7" ਆਪਣਾ ਕੱਪੜੇ ਦਾ ਕੰਮ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। (ਬਾਕਸ ਨੰ: 2031)

5. ਜੱਟ ਸਿੱਖ ਢਿੱਲੋਂ, ਕਥਾ ਵਾਚਕ (ਪ੍ਰਚਾਰਕ), +2 Pass, 23 ਸਾਲ 5' 11" ਲੜਕੇ ਲਈ ਧਾਰਮਿਕ ਵਿਚਾਰਾਂ ਵਾਲੀ ਯੋਗ ਕੰਨਿਆਂ ਦੀ ਲੋੜ ਹੈ। ਜਾਤ-ਪਾਤ ਦਾ ਬੰਧਨ ਨਹੀਂ। (ਬਾਕਸ ਨੰ: 20[illegible])

6. ਅਰੋੜਾ ਸਿੱਖ ਦੁਆ, B.Com., 35 ਸਾਲ, 5'-8" ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (ਬਾਕਸ ਨੰ: 2033)

7. ਅਰੋੜਾ ਸਿੱਖ ਕੁਕਰੇਜਾ, Matric, 24 ਸਾਲ, 5'-8" ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (ਬਾਕਸ ਨੰ: 2034)

8. ਅਰੋੜਾ ਸਿੱਖ ਘੁਲਿਆਣੀ, Matric , 32 ਸਾਲ 5'-7" ਬਿਜ਼ਨੈਸ ਕਰਦੇ ਲੜਕੇ ਲਈ ਯੋਗ ਕੰਨਿਆਂ ਦੀ ਲੋੜ ਹੈ। ਜ਼ਿਲ੍ਹਾ ਲੁਧਿਆਣਾ ਵਾਸੀ ਨੂੰ ਪਹਿਲ (ਬਾਕਸ ਨੰ: 2035)

9. ਰਾਮਗੜ੍ਹੀਆ ਸਿੱਖ ਖਾਤੀ, ਪੰਜ ਪਾਸ, 26ਸਾਲ, 6' (ਰਾਜ ਮਿਸਤਰੀ) ਲੜਕੇ ਲਈ ਘਰੇਲੂ ਲੜਕੀ ਦੀ ਲੋੜ ਹੈ। (ਬਾਕਸ ਨੰ: 2036)

ਪ੍ਰਿੰਟਰ ਪਬਲਿਸ਼ਰ ਤੇ ਮਾਲਕ ਸ੍ਰੀਮਾਨ 108 ਸੰਤ ਬਾਬਾ ਤੀਰਥ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ.) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਅਪ੍ਰੈਲ 2001 ਨੂੰ ਜਾਰੀ ਕੀਤਾ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਮਹਿਰੌਲੀ, ਨਵੀਂ ਦਿੱਲੀ ਦੇ ਵਾਰਸ਼ਿਕ ਸਮਾਰੋਹ ਅਤੇ
'ਖਾਲਸਾ ਤ੍ਰੈ ਸ਼ਤਾਬਦੀ ਕੰਪਲੈਕਸ' ਦੇ ਉਦਘਾਟਨ ਦੀਆਂ ਝਲਕੀਆਂ ।






'ਕੇਂਦਰੀ ਊਰਜਾ ਅਤੇ ਪਾਰਲੀਮੈਂਟਰੀ ਅਫੇਅਰਜ਼' ਮੰਤਰੀ ਸ਼੍ਰੀ ਪੀ.ਆਰ ਕੁਮਾਰਮੰਗਲਮ ਬੜੀ ਸ਼ਰਧਾ ਨਾਲ ਦਰਬਾਰ ਹਾਲ ਵਿੱਚ ਮੱਥਾ ਟੇਕਦੇ ਹੋਏ, ਇਸ ਉਪਰੰਤ ''ਖਾਲਸਾ ਤ੍ਰੈ ਸ਼ਤਾਬਦੀ ਕੰਪਲੈਕਸ'' ਦਾ ਉਦਘਾਟਨ ਕਰਦੇ ਹੋਏ । ਉਨ੍ਹਾਂ ਦੇ ਨਾਲ ਰਿਟਾ: ਜਸਟਿਸ ਆਰ.ਐਸ ਨਰੂਲਾ ਤੇ ਹੋਰ ਨਾਮਵਰ ਹਸਤੀਆਂ ਸ਼ਾਮਿਲ ਹਨ ।



ਸ੍ਰੀ ਮਾਨ ਸੰਤ ਬਾਬਾ ਤੀਰਥ ਸਿੰਘ ਜੀ ਪ੍ਰਧਾਨ, ਸੇਵਾ ਪੰਥੀ ਅੱਡਣਸ਼ਾਹੀ ਸਭਾ ਨੇ ਸ੍ਰੀ ਕੁਮਾਰਮੰਗਲਮ ਨੂੰ ਸਿਰੋਪਾਓ ਤੇ ਸ੍ਰੀ ਸਾਹਿਬ ਨਾਲ ਸਨਮਾਨਿਤ ਕੀਤਾ ।

Bhai Kanhaiya Sewa Joti (Monthly)
Regd. No. Pb./1002/2001 Chandigarh Dt. 19-1-2001
R.N.I. Regd. No. 046716/84

ਭਾਈ ਆਸਾ ਸਿੰਘ ਗਰਲਜ਼ ਕਾਲਜ ਦੀ 23ਵੀਂ ਕਨਵੋਕੇਸ਼ਨ ਤੇ ਸਾਲਾਨਾ ਇਨਾਮ ਵੰਡ ਸਮਾਰੋਹ ਦੀਆਂ ਝਲਕੀਆਂ





(ਖੱਬੇ) ਇਸ ਸਮਾਰੋਹ ਦੌਰਾਨ ਮਹੰਤ ਸਾਹਿਬ ਜੀ P.G.D.C.A. ਦੀ ਇਕ ਵਿਦਿਆਰਥਣ ਨੂੰ ਡਿਗਰੀ ਨਾਲ ਸਨਮਾਨਿਤ ਕਰਦੇ ਹੋਏ.
(ਸੱਜੇ) ਕਾਲਜ ਦੀ ਪ੍ਰਿੰਸੀਪਲ ਗੁਰਦੀਪ ਕੌਰ ਬਰਾੜ ਮਹੰਤ ਸਾਹਿਬ ਨੂੰ ਸਨਮਾਨ ਚਿੰਨ੍ਹ ਭੇਂਟ ਕਰਦੇ ਹੋਏ।



ਭਾਈ ਆਸਾ ਸਿੰਘ ਗਰਲਜ਼ ਕਾਲਜ ਦੀ 23ਵੀਂ ਕਨਵੋਕੇਸ਼ਨ ਦੇ ਅਵਸਰ ਤੇ ਡਿਗਰੀ ਪ੍ਰਾਪਤ ਕਰਨ ਵਾਲੀਆਂ ਲੜਕੀਆਂ ।



ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਚ ਹੋਏ ਸਪੈਸ਼ਲ ਲੈਕਚਰ (ਕੈਰੀਅਰ-ਤੇ ਗਾਈਡੈਂਸ) ਲਈ ਪੰਜਾਬੀ ਯੂਨੀ ਪਟਿਆਲਾ ਤੋਂ ਆਏ
ਡਾ. ਜੀ. ਐਸ. ਬਾਜਵਾ ਡਾਇਰੈਕਟਰ (ਆਈ.ਏ.ਐਸ. ਅਤੇ ਅਲਾਈਡ ਸਰਵਿਸਜ਼) ਨੂੰ ਮਹੰਤ ਤੀਰਥ ਸਿੰਘ ਜੀ ਤੇ ਸੰਤ ਜੀ ਸਨਮਾਨਿਤ ਕਰਦੇ ਹੋਏ ।